ਸਰਬ ਕਲਾ ਸਮਰਥ

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ

Namdhari Elibrary NamdhariElibrary@gmail.com

ਨੈਰੋਬੀ (ਕੀਨੀਆਂ) ਪੁੱਜਣ ਤੇ ਉਥੋਂ ਦੀ ਸੰਗਤ ਵੱਲੋਂ

ਸਤਿਗੁਰੂ ਪ੍ਰਤਾਪ ਸਿੰਘ ਜੀ ਅਤੇ ਵੱਡੇ ਬਾਬਾ ਜੀ (ਵਰਤਮਾਨ ਸਤਿਗੁਰੂ ਜਗਜੀਤ ਸਿੰਘ ਜੀ) ਦਾ ਸੁਆਗਤ

Namdhari Elibrary NamdhariElibrary@gmail.com

ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ ।

ਸਰਬ ਕਲਾ ਸਮਰਥ

ਸ੍ਰੀ ਸਤਿਗੁਰੂ ਜਗਜੀਤ ਸਿੰਘ

ਲੇਖਕ : ਹਰਪਾਲ ਸਿੰਘ 'ਸੇਵਕ'

Namdhari Elibrary NamdhariElibrary@gmail.com

ਸਰਬ ਕਲਾ ਸਮਰਥ – –

ਲੇਖਕ : ਹਰਪਾਲ ਸਿੰਘ 'ਸੇਵਕ'

© : ਨਾਮਧਾਰੀ ਦਰਬਾਰ

ਪ੍ਰਕਾਸ਼ਕ : ਸ੍ਰੀ ਗੁਰੂ ਹਰੀ ਸਿੰਘ ਕਾਲਜ ਕਮੇਟੀ
ਸ੍ਰੀ ਜੀਵਨ ਨਗਰ (ਸਿਰਸਾ)

ਪਹਿਲੀ ਵਾਰ : ਸੰਨ 2000 ਈ.

SARAB KALA SAMRATH

By : Harpal Singh 'Sewak'

Namdhari Elibrary NamdhariElibrary@gmail.com

ਸਮਰਪਣ

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ

ਦੇ

ਇੱਕਿਆਸੀਵੇਂ

ਅਵਤਾਰ ਪੁਰਬ

ਤੇ

ਸ੍ਰੀ ਮਾਤਾ ਭੁਪਿੰਦਰ ਕੌਰ ਜੀ ਦੀ

ਪਵਿੱਤਰ ਯਾਦ ਨੂੰ

Namdhari Elibrary NamdhariElibrary@gmail.com

ਗੁਰ-ਚਰਨਾਂ 'ਤੇ ਅਰਦਾਸ

ਸਤਿਗੁਰੂ ਸ੍ਰੀ ਜਗਜੀਤ ਸਿੰਘ,
ਮੇਰੇ ਪ੍ਰਾਣ-ਅਧਾਰ,
ਚਰਨ-ਕੰਵਲ ਨੂੰ ਪਰਸ ਕੇ,
ਕਰਦਾ ਹਾਂ ਨਮਸਕਾਰ ।
ਸਦਾ ਆਪਦਾ ਰਿਹਾ ਹੈ,
ਮਿਹਰ ਭਰਿਆ ਸਿਰ ਹੱਥ,
ਨਿਰਗੁਣ ਨੇਤਰਹੀਣ ਨੂੰ,
ਕਰ ਦਿਤਾ ਸਮਰੱਥ ।
ਬਖ਼ਸ਼ੀ ਦਾਤ ਹੈ ਕਲਾ ਦੀ,
ਨਾਲੇ ਸੂਝ ਗਿਆਨ,
ਨਦਰਿ-ਕਰਮ ਤੋਂ ਪਾਇਆ,
ਇਹ ਅਮੁਲ ਵਰਦਾਨ ॥

— ਪ੍ਰੋ. ਕਿਰਪਾਲ ਸਿੰਘ ਕਸੇਲ

ਤੇਰਾ ਨਾਮ

ਤੇਰਾ ਨਾਮ ਲਿਆਂ ਦੁੱਖ ਨੱਸਣ ,ਸੁਖ ਵੱਸਣ ਚੌਫੇਰੇ ;
ਹਿਰਦੇ ਠੰਡ ਦਾਹ ਮਿਟ ਜਾਂਦੀ ,ਦੁਸ਼ਮਣ ਹੁੰਦੇ ਨੇੜੇ :
ਦੁਨੀਆਂ ਪਿਆਰੀ ਪਿਆਰੀ ਲਗਦੀ ,ਮੌਤ ਮਿੱਠੀ ਗਲਵੱਕੜੀ ;
ਕਿਨਾਂ ਚੰਗਾ ਹੋਏ ਜੇ ਵੱਸੇਂ ,ਨਿਸ ਦਿਨ ਅੰਦਰ ਮੇਰੇ ।

— ਸ੍ਰੀ ਪ੍ਰੀਤਮ ਸਿੰਘ ਕਵੀ

Namdhari Elibrary NamdhariElibrary@gmail.com

ਅਨੰਤ–ਵਿਸ਼ਾਲਤਾ

ਅਨੰਤ ਸਿਰਫ਼ ਅਕਾਸ਼ ਹੀ ਨਹੀਂ,
ਬੇਅੰਤ ਦੀ ਉਸਤਤ ਵੀ ਅਨੰਤ ਹੈ ।
ਵਿਸ਼ਾਲ ਸਿਰਫ ਸਾਗਰ ਹੀ ਨਹੀਂ,
'ਉਸਦਾ' ਹਿਰਦਾ ਵੀ ਵਿਸ਼ਾਲ ਹੈ ।
ਉਸਦੀ ਰਜ਼ਾ ਦੇ ਵਿੱਚ,
ਕਾਲ ਹੈ, ਅਕਾਲ ਹੈ,
ਸਮੇਂ ਦੀ ਸਮੁੱਚੀ ਚਾਲ ਹੈ,
ਅਨੰਤ ਗਗਨ ਅਨੇਕ ਤਾਰੇ,
ਤੀਖਣ ਵੇਗ ਰੌਸ਼ਨੀਆਂ ਦਾ,
ਅਲੌਕਿਕ ਪਸਾਰ ਰੰਗਾਂ ਦਾ,
ਖ਼ੁਸ਼ਬੂਆਂ ਦਾ ਅਮੁੱਕ ਸਿਲਸਲਾ,
ਅਦ੍ਰਿਸ਼ ਪੌਣਾ ਦਾ ਕਾਫਲਾ,
ਉਸ ਦੀ ਰਜ਼ਾ ਵਿੱਚ ਹੈ,
ਇਹ ਸੱਭ ਚੱਲ ਰਿਹਾ ।
ਮੁਸਕਾਨ ,ਮਹਿਕ,
ਤੇ ਨਿਮਰਤਾ ਦੇ ਪਰਬਤਾਂ ਦੀ ਲੰਬੀ ਲੜੀ,
ਸੱਜਦੇ 'ਚ ਜਿਸਦੇ ਸਦਾ,
ਕਾਇਨਾਤ ਰਹੇ ਝੁਕੀ ।
ਮਨੁੱਖਾਂ ਤੇ ਰੁੱਖਾਂ ਲਈ,
ਪਸ਼ੂਆਂ ਤੇ ਪੰਛੀਆਂ ਲਈ,
ਜੀਵਾਂ ਤੇ ਜੰਤੂਆਂ ਲਈ, ਸੰਵੇਦਨਾ–ਭਰਪੂਰ ਹੈ ।
ਪਹਿਰੇ ਦਾ ਮਾਲਕ, ਉਹ ਹਾਜ਼ਰਾ ਹਜ਼ੂਰ ਹੈ ।
ਬ੍ਰਹਿਮੰਡ ਸਾਰੇ ਦੇ ਸਾਰੇ ਦਾ ਜੋ ਮੀਤ ਹੈ,
ਅਨੰਤ ਜਿਸਦੀ ਉਸਤਤ, ਹਿਰਦਾ ਵਿਸ਼ਾਲ ਜਿਸਦਾ,
ਉਹ ਸਤਿਗੁਰੂ ਜਗਜੀਤ ਹੈ,
ਉਹ ਸਤਿਗੁਰੂ ਜਗਜੀਤ ਹੈ ।

ਸੁਖਜੀਤ—

ਸਤਿਗੁਰੂ ਜਗਜੀਤ ਸਿੰਘ ਜੀ ਸਮਰੱਥ ਅਧਿਆਤਮਕ ਰਹਿਨੁਮਾ ਹਨ । ਆਪਜੀ ਦੇ ਸ਼ਰਧਾਲੂਆਂ ਵਿਚ ਸਹਿਜਧਾਰੀ ਸਿੱਖ ਵੀ ਹਨ ; ਹਿੰਦੂ, ਮੁਸਲਮਾਨ ਅਤੇ ਈਸਾਈ ਵੀ ਹਨ । ਸ੍ਰੀ ਚਰਨਾਂ ਦੇ ਭੌਰੇ ਬਾਗੜ ਇਲਾਕੇ ਦੇ ਰਾਜਸਥਾਨੀ ਵੀ ਹਨ ਆਪਜੀ ਕੇਵਲ ਧਾਰਮਿਕ ਗੁਰੂ ਹੀ ਨਹੀਂ ਸਗੋਂ ਆਦਰਸ਼ ਸਮਾਜ ਦੇ ਉਸਰੀਏ ਵੀ ਹਨ । ਬਹੁਮੁਖੀ ਵਿਕਾਸ ਲਈ ਸਫਲ ਮਾਰਗ ਦਰਸ਼ਨ ਹਨ । ਬਚਨ ਅਤੇ ਕਰਮ ਦੀ ਸ਼ਕਤੀ ਨਾਲ ਆਪ ਨੇ ਸਮੇਂ ਨੂੰ ਬਦਲਿਆ ਹੈ ,ਅਨੇਕਾਂ ਗਾਡੀ ਰਾਹ ਚਲਾਏ ਹਨ ।

Namdhari Elibrary NamdhariElibrary@gmail.com

ਸਤਿਗੁਰੂ ਸ਼ਬਦ 'ਸਤਿ, ਅਤੇ 'ਗੁਰੂ, ਦਾ ਸੁਮੇਲ ਹੈ। ਅਗਿਆਨ ਦੇ ਹਨੇਰੇ ਵਿਚ ਗਿਆਨ ਦਾ ਪ੍ਰਕਾਸ਼ ਕਰਨ ਵਾਲੇ ਨੂੰ ਗੁਰੂ ਕਿਹਾ ਜਾਂਦਾ ਹੈ ਅਤੇ 'ਸਤਿ ,(ਸੱਚ) ਆਦਿ ਹੈ ,ਸਦੀਵੀ ਹੈ ,ਸੱਚ ਪ੍ਰਮਾਤਮਾ ਹੈ। ਜੀਵ ਨੂੰ 'ਸਤਿ, ਨਾਲ ਜੁੜਨ ਦਾ ਗੁਰ ਦੱਸਣ ਵਾਲੇ ਪੁਰਖ ਨੂੰ 'ਸਤਿਗੁਰੂ, ਕਿਹਾ ਜਾਂਦਾ ਹੈ। ਸਤਿਗੁਰੂ ਹੰਕਾਰ ਅਤੇ ਦਵੈਤ ਦਾ ਤਿਆਗ ਕਰਕੇ , ਆਤਮਾ ਅਤੇ ਪਰ ਆਤਮਾ ਦਾ ਭੇਦ ਮਿਟਾਕੇ ,ਪਰਮ-ਆਤਮਾ ਨਾਲ ਜੁੜਨ ਦਾ ਮਾਰਗ ਦਰਸਾਉਂਦਾ ਹੈ। ਲੋਭ ਅਤੇ ਸਵਾਰਥ ਤਿਆਗਣ ਲਈ ਉਪਦੇਸ਼ ਦੇਂਦਾ ਹੈ। ਸੇਵਾ, ਸਿਮਰਨ ਅਤੇ ਪਰਉਪਕਾਰ ਹਿੱਤ ਜੀਵਨ ਅਰਪਣ ਲਈ ਪ੍ਰੇਰਦਾ ਹੈ।

ਇਹੋ ਉਪਦੇਸ਼ ਦਿਤਾ ਸੀ ਅੱਜ ਤੋਂ ਪੰਜ ਸਦੀਆਂ ਪਹਿਲੋਂ ਸ੍ਰੀ ਸਤਿਗੁਰੂ ਨਾਨਕ ਦੇਵ ਜੀ ਨੇ, ਆਪ ਨੇ ਅਧਿਆਤਮਵਾਦ ਨੂੰ ਜੰਗਲਾਂ-ਬੇਲਿਆਂ ਅਤੇ ਗੁਫਾਵਾਂ ਚੋਂ ਕੱਢ ਕੇ ਗ੍ਰਿਹਸਤੀ ਜੀਵਨ ਵਿਚ ਲਿਆਂਦਾ। ਜਪ-ਤਪ ਅਤੇ ਤਿਆਗ ਦੇ ਨਾਲ ਕਿਰਤ, ਸੇਵਾ ਅਤੇ ਸਿਮਰਨ ਨੂੰ ਜੋੜਕੇ ਰਾਜ-ਜੋਗ ਦਾ ਮਾਰਗ ਚਲਾਇਆ। ਗੁਰੂ ਨਾਨਕ -"ਹਿੰਦੂਓਂ ਕੇ ਗੁਰੂ ,ਮੁਸਲਮਾਨੋਂ ਕੇ ਪੀਰ" ਕਰਕੇ ਪ੍ਰਸਿੱਧ ਹੋਏ। ਸਤਿਗੁਰੂ ਅੰਗਦ ਦੇਵ ਜੀ ਤੋਂ ਸਤਿਗੁਰੂ ਤੇਗ ਬਹਾਦੁਰ ਜੀ ਤੱਕ -ਸਤਿਗੁਰੂ ਸਾਹਿਬਾਨ ਨੇ ਕਠਿਨ ਘਾਲਨਾ ਘਾਲ ਕੇ ਸਿੱਖ ਪੰਥ ਦਾ ਮਾਰਗ ਦਰਸ਼ਨ ਕੀਤਾ। ਆਪਣੇ ਕਰਮ ਅਤੇ ਉਪਦੇਸ਼ ਦੁਆਰਾ ਸਿੱਖਾਂ ਵਿਚ ਪ੍ਰੇਮ, ਭਗਤੀ, ਪਰਉਪਕਾਰ, ਸੇਵਾ ,ਸੂਰਬੀਰਤਾ ਅਤੇ ਕੁਰਬਾਨੀ ਦੀ ਭਾਵਨਾ ਪੈਦਾ ਕੀਤੀ। ਸ੍ਰੀ ਸਤਿਗੁਰੂ ਗੋਬਿੰਦ ਸਿੰਘ ਜੀ ਨੇ ਸਿੱਖੀ-ਫੁਲਵਾੜੀ ਨੂੰ ਪਿਓਂਦ ਕਰਕੇ ਖਾਲਸ-ਰੂਪ ਪੈਦਾ ਕੀਤਾ। ਖਾਲਸੇ ਨੂੰ ਨਿਆਰਾ ਰੂਪ ਬਖਸ਼ਿਆ। ਸਿੱਖ-ਰਾਜ ਸਮੇਂ ਧਨ, ਤਾਕਤ ਅਤੇ ਪ੍ਰਭੁਤਾ ਕਾਰਨ ਸਿੱਖ, ਧਰਮ ਕਰਮ ਛਡ ਬੈਠੇ ,ਐਸ਼ਪ੍ਰਸਤ ਹੋ ਗਏ। ਅਣਗਿਣਤ ਕੁਰਬਾਨੀਆਂ ਕਰਕੇ ਪ੍ਰਾਪਤ ਕੀਤਾ ਰਾਜ ਭਾਗ ਗੁਆ ਲਿਆ। ਬਰਤਾਨਵੀ ਸਾਮਰਾਜ ਦੇ ਅਧੀਨ ਹੋ ਗਏ। ਸਤਿਗੁਰੂ ਰਾਮ ਸਿੰਘ ਜੀ ਸਿੱਖੀ ਬਾਗ ਤੇ ਆਈ ਪਤਝੜ ਸਮੇਂ ਬਸੰਤ-ਬਹਾਰ ਬਣ ਪ੍ਰਗਟੇ। ਆਪ ਜੀ ਨੇ ਸ੍ਰੀ ਦਸਮੇਸ਼ ਜੀ ਦੇ ਸਿੱਖੀ ਸਰੂਪ ਨੂੰ ਪੁਨਰ ਸੁਰਜੀਤ ਕੀਤਾ। ਗੁਰਬਾਣੀ ਅਨੁਸਾਰ ਜੀਵਨ ਜੀਊਣ ਲਈ ਪ੍ਰੇਰਿਆ। ਸੁਤੰਤਰਤਾ ਦਾ ਮੂਲ-ਮੰਤਰ "ਭੈ ਕਾਹੂ ਕੋ ਦੇਤ ਨਹਿ,ਨਹਿ ਭੈ ਮਾਨਤ ਆਨ" ਦ੍ਰਿੜ ਕਰਵਾਇਆ। ਆਪਣੇ ਗੌਰਵਮਈ ਵਿਰਸੇ ਤੋਂ ਜਾਣੂ ਕਰਵਾਇਆ। ਭਾਰਤ-ਵਰਸ਼ ਨੂੰ ਆਜ਼ਾਦ ਕਰਵਾਉਣ ਲਈ ਉਸ ਸਾਮਰਾਜ ਨਾਲ ਟੱਕਰ ਲਈ -ਕਹਿੰਦੇ ਨੇ ਜਿਸਦੇ ਰਾਜ ਵਿਚ ਸੂਰਜ ਨਹੀਂ ਸੀ ਛਿਪਦਾ। ਅੰਗ੍ਰੇਜ਼ ਹਾਕਮਾਂ ਨੇ ਆਪਣੇ ਸਾਮਰਾਜ ਲਈ ਬਹੁਤ ਵੱਡਾ

Namdhari Elibrary NamdhariElibrary@gmail.com

ਖਤਰਾ ਸਮਝ ਕੇ ਸਤਿਗੁਰੂ ਰਾਮ ਸਿੰਘ ਜੀ ਨੂੰ ਦੇਸ-ਨਿਰਵਾਸਿਤ ਕਰ ਦਿੱਤਾ । ਚੌਤੀਂ ਵਰ੍ਹੇ ਅੱਤ ਸਖਤੀਆਂ ਦੇ ਦੌਰ ਵਿਚ ਸਤਿਗੁਰੂ ਹਰੀ ਸਿੰਘ ਜੀ ਨੇ ,ਆਪਣੀ ਸੂਝ-ਬੂਝ ਅਤੇ ਧੀਰਜ ਨਾਲ ਆਜ਼ਾਦੀ ਦੀ ਜੋਤ ਨੂੰ ਜਗਦੀ ਰੱਖਿਆ । ਅੰਗ੍ਰੇਜ਼ ਸਰਕਾਰ ਨੇ ਨਾਮਧਾਰੀ ਸਿੱਖਾਂ ਤੇ ਅਕਹਿ ਅਤੇ ਅਸਹਿ ਜ਼ੁਲਮ ਕਰਨੇ ਸ਼ੁਰੂ ਕਰ ਦਿੱਤੇ । ਸ੍ਰੀ ਭੈਣੀ ਸਾਹਿਬ ਸਥਾਈ ਪੁਲਿਸ ਚੌਂਕੀ ਬਿਠਾ ਦਿੱਤੀ । ਸਾਰੇ ਨਾਮਧਾਰੀ ਪੰਥ ਨੂੰ ਜ਼ੁਰਾਇਮ-ਪੇਸ਼ਾ ਕਰਾਰ ਦੇ ਦਿੱਤਾ । ਫੇਰ ਹਰੀ ਦੇ ਤੇਜੱਸਵੀ ਪ੍ਰਤਾਪ ਨੇ ਪੰਥ ਦੀ ਵਾਗ ਡੋਰ ਸੰਭਾਲੀ । ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਨਾਮ-ਬਾਣੀ ਅਤੇ ਸੁੱਚ-ਸੋਧ ਦਾ ਪ੍ਰਵਾਹ ਚਲਾਇਆ । ਬਰਤਾਨਵੀ ਹਾਕਮਾਂ ਦੇ ਪੁਰਾਣੇ ਅਤੇ ਕਾਰਆਮਦ ਹਥਿਆਰ "ਪਾੜੋ ਅਤੇ ਰਾਜ ਕਰੋ " ਨੂੰ ਬੇਅਸਰ ਕਰਨ ਲਈ ਅਤੇ ਭਾਈਚਾਰਕ ਸਦਭਾਵਨਾ ਕਾਇਮ ਕਰਨ ਲਈ ਮਿਲਾਪ ਕਾਨਫਰੰਸਾਂ ਕੀਤੀਆਂ । ਦੇਸ਼ ਦੀ ਆਜ਼ਾਦੀ ਲਈ ਜੂਝ ਰਹੀਆਂ ਸਾਰੀਆਂ ਜਥੇਬੰਦੀਆਂ ਨੂੰ ਸਹਿਯੋਗ ਦਿੱਤਾ, ਸਮੇਂ - ਸਮੇਂ ਸਿਰ ਅਗਵਾਈ ਕੀਤੀ ਅਤੇ ਦੇਸ਼ ਆਜ਼ਾਦ ਕਰਵਾਇਆ ।

ਇਸੇ ਗੌਰਵਮਈ ਗੁਰੂ-ਪਰੰਪਰਾ ਦੇ ਵਰਤਮਾਨ ਜਾਂ-ਨਸ਼ੀਨ ਹਨ-ਸਤਿਗੁਰੂ ਜਗਜੀਤ ਸਿੰਘ ਜੀ । ਆਪ ਵਿਸ਼ਵ ਭਰ ਵਿਚ ਸ੍ਰੀ ਸਤਿਗੁਰੂ ਨਾਨਕ ਦੇਵ ਜੀ ਦਾ ਸੇਵਾ , ਸਿਮਰਨ ਅਤੇ ਸਰਬੱਤ ਦੇ ਭਲੇ ਦਾ ਸੰਦੇਸ਼ ਪਹੁੰਚਾ ਰਹੇ ਹਨ ।

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦਾ ਜਨਮ ਵੀ ਭਗਵਾਨ ਕ੍ਰਿਸ਼ਨ ਦੀ ਤਰਾਂ ਕਾਰਾਵਾਸ ਵਿਚ ਹੀ ਹੋਇਆ । ਪਿਤਾ ਸਤਿਗੁਰੂ ਪ੍ਰਤਾਪ ਸਿੰਘ ਅਤੇ ਮਾਤਾ ਭੁਪਿੰਦਰ ਕੌਰ ਦੇ ਗ੍ਰਹਿ ਵਿਖੇ ਸ੍ਰੀ ਭੈਣੀ ਸਾਹਿਬ ਦੀ ਪਾਵਨ ਧਰਤੀ ਤੇ ਆਪ 8 ਮੱਘਰ 1977 ਬਿ. ਕੱਤਕ ਸੁਦੀ ਇਕਾਦਸ਼ੀ (22 ਨਵੰਬਰ 1920 ਈ.) ਨੂੰ ਅੰਮ੍ਰਿਤ ਵੇਲੇ ਚਾਰ ਵਜੇ ਪ੍ਰਗਟ ਹੋਏ । ਗੁਰਮੁਖੀ ਅੱਖਰਾਂ ਦੀ ਪਛਾਣ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਤਖਤੀ ਤੇ ਪੂਰਨੇ ਪਾ ਕੇ ਆਪ ਕਰਵਾਈ । ਸ਼ਾਸਤ੍ਰੀ ਸੰਗੀਤ ਅਤੇ ਗੁਰਮਤਿ ਕੀਰਤਨ ਦੀ ਸਿੱਖਿਆ ਉਸਤਾਦ ਹਰਨਾਮ ਸਿੰਘ ਜੀ ਚਵਿੰਡੇ ਵਾਲਿਆਂ ਪਾਸੋਂ ਸਾਢੇ ਚਾਰ ਸਾਲ ਦੀ ਉਮਰ ਵਿਚ ਸਿੱਖਣੀ ਸ਼ੁਰੂ ਕੀਤੀ । ਮੁੱਢਲੀ ਅਤੇ ਉਚੇਰੀ ਵਿਦਿਆ ਗੁਰਮਤਿ ਵਿਦਿਆਲਾ ਸ੍ਰੀ ਭੈਣੀ ਸਾਹਿਬ ਵਿਖੇ ਹੀ ਪ੍ਰਾਪਤ ਕੀਤੀ । ਇਸ ਵਿਦਿਆਲੇ ਵਿਚ ਪੰਜਾਬੀ ,ਹਿੰਦੀ ,ਅੰਗ੍ਰੇਜ਼ੀ ਅਤੇ ਸੰਸਕ੍ਰਿਤ ਪੜ੍ਹਾਈ ਜਾਂਦੀ ਸੀ । ਗੁਰਬਾਣੀ ਦਾ ਜ਼ੁਬਾਨੀ ਅਤੇ ਵੇਖ ਕੇ ਸ਼ੁੱਧ ਪਾਠ, ਸ਼ਾਸਤ੍ਰੀ ਸੰਗੀਤ ਅਤੇ ਗੁਰਮਤਿ ਕੀਰਤਨ ਦੀ ਸਿੱਖਿਆ ,ਪਿੰਗਲ ਦਾ ਗਿਆਨ, ਬਾਗਬਾਨੀ ਅਤੇ ਦਸਤਕਾਰੀ ਵੀ ਸਿਖਾਈ ਜਾਂਦੀ

Namdhari Elibrary NamdhariElibrary@gmail.com

ਸੀ। ਇਹ ਵਿਦਿਆਲਾ ਪੁਰਾਤਨ ਰਿਸ਼ੀਆਂ ਮੁਨੀਆਂ ਦੇ ਆਸ਼ਰਮਾਂ ਵਰਗਾ ਸੀ ਜਿਥੇ ਗੁਰੂ–ਸਪੁਤ੍ਰ ਵੀ ਬਾਕੀ ਸਹਿਪਾਠੀਆਂ ਵਾਂਗ ਹੀ ਵਿਚਰਦੇ ਸਨ। ਆਪ ਸਾਥੀਆਂ ਨਾਲ ਘੁਲਦੇ ,ਕਬੱਡੀ ,ਖਿੱਦੋ–ਖੂੰਡੀ ,ਫੁਟਬਾਲ ਅਤੇ ਗਤਕਾ ਖੇਡਦੇ ,ਤੇਜ ਪਾਣੀਆਂ ਵਿਚ ਤੈਰਦੇ। ਘੋੜ ਸਵਾਰੀ ਅਤੇ ਪੋਲੋ ਵੀ ਖੇਡਦੇ। ਗਊਆਂ ,ਮੱਝਾਂ ਅਤੇ ਘੋੜਿਆਂ ਦੀ ਸਾਂਭ ਸੰਭਾਲ ਅਤੇ ਇਲਾਜ ਦੀ ਜਾਣਕਾਰੀ ਵੀ ਪ੍ਰਾਪਤ ਕਰਦੇ। ਇਸ ਸਮੇਂ ਨਾਮਧਾਰੀ ਸਮਾਜ ਵਿਚ ਆਪਜੀ ਨੂੰ 'ਬੇਅੰਤ ਜੀ ' ਕਹਿ ਕੇ ਸਤਿਕਾਰਿਆ ਜਾਂਦਾ ਸੀ।

ਯੁਵਾ–ਅਵਸਥਾ ਵਿਚ ਆਪਜੀ ਨੇ ਪਿਤਾ–ਸਤਿਗੁਰੂ ਜੀ ਦੀ ਆਗਿਆ ਅਨੁਸਾਰ ਧਾਰਮਿਕ, ਸਮਾਜਿਕ ਅਤੇ ਰਾਜਨੀਤਿਕ ਕੰਮਾਂ ਵਿਚ ਪੂਰੀ ਸਰਗਰਮੀਂ ਨਾਲ ਭਾਗ ਲੈਣਾ ਸ਼ੁਰੂ ਕੀਤਾ। ਬਰਤਾਨਵੀ ਸਾਮਰਾਜ ਵਿਰੋਧੀ ਦੇਸ਼–ਭਗਤ ਜਥੇਬੰਦੀਆਂ ਨੂੰ ਸਹਿਯੋਗ ਦੇਣ ਲਈ ਆਪਜੀ ਜਲੂਸਾਂ ਵਿਚ ਸ਼ਾਮਲ ਹੁੰਦੇ, ਜਲਸਿਆਂ ਦਾ ਪ੍ਰਬੰਧ ਕਰਦੇ। ਰਾਜਸੀ ਨੇਤਾਵਾਂ ਨਾਲ ਵਿਚਾਰ ਵਟਾਂਦਰੇ ਕਰਦੇ। ਮੇਲਿਆਂ ਦਾ ਪ੍ਰਬੰਧ ਕਰਦੇ ਅਤੇ ਹੁਕਮ ਅਨੁਸਾਰ ਧਰਮ ਪ੍ਰਚਾਰ ਲਈ ਦੌਰੇ ਵੀ ਕਰਦੇ। ਸੰਗਤ ਆਪਜੀ ਨੂੰ ਵੱਡੇ ਬਾਬਾ ਜੀ ਕਹਿਕੇ ਸਤਿਕਾਰਦੀ।

ਪਾਕਿਸਤਾਨ ਬਨਣ ਤੋਂ ਪਹਿਲੋਂ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਸਿੱਖਾਂ ਨੂੰ ਹੁਕਮ ਕੀਤਾ ਕਿ ਦੇਸ਼ ਦੀ ਵੰਡ ਹੋਵੇਗੀ, ਤੁਸੀਂ ਘੱਟੋ–ਘੱਟ ਰਾਵੀਓਂ ਪਾਰ ਹੋ ਜਾਉ। ਆਪਣੇ ਸਿੱਖਾਂ ਨੂੰ ਵਸਾਉਣ ਲਈ ਸਿਰਸੇ ਜ਼ਿਲੇ ਵਿਚ ਹਜ਼ਾਰਾਂ ਏਕੜ ਜ਼ਮੀਨ ਖਰੀਦ ਲਈ। ਜਦੋਂ ਬਾਕੀ ਰਿਆਸਤਾਂ ਟੁੱਟ ਗਈਆਂ। ਅਟੱਲ–ਪ੍ਰਤਾਪੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਨਾਮਧਾਰੀ–ਸਿੱਖਾਂ ਦੀ ਰਿਆਸਤ ਬਣਾ ਦਿੱਤੀ। ਇਸ ਸ੍ਰੀ ਜੀਵਨ ਨਗਰ ਇਲਾਕੇ ਦੇ ਖ੍ਰੀਦਣ ਅਤੇ ਵਸਾਉਣ ਵਿਚ ਵੱਡੇ ਬਾਬਾ ਜੀ ਦੀ ਮੁੱਖ ਜ਼ੁੰਮੇਵਾਰੀ ਅਤੇ ਅਹਿਮ ਭੂਮਿਕਾ ਸੀ।

ਸੰਨ 1947 ਈ. ,ਦੇਸ਼ ਦੀ ਵੰਡ ਸਮੇਂ, ਜਦੋਂ ਸੰਪਰਦਾਇਕ ਦੰਗੇ ਹੋ ਰਹੇ ਸਨ ,ਗੋਲੀਆਂ ਚਲ ਰਹੀਆਂ ਸਨ ,ਅੱਗਾਂ ਲਗ ਰਹੀਆਂ ਸਨ। ਇੱਜਤਾਂ ਲੁੱਟੀਆਂ ਜਾ ਰਹੀਆਂ ਸਨ। ਲੋਕਾਈ ਤ੍ਰਾਹ–ਤ੍ਰਾਹ ਕਰ ਰਹੀ ਸੀ। ਸਾਡੇ ਰਾਸ਼ਟਰੀ ਨੇਤਾ ਦੰਗਿਆਂ ਦਾ ਵਿਰੋਧ ਕਰਨ ਲਈ ਭੁੱਖ ਹੜਤਾਲਾਂ ਕਰਕੇ ਆਪਣੇ ਆਪ ਨੂੰ ਤਸੱਲੀ ਦੇ ਰਹੇ ਸਨ। ਉਸ ਸਮੇਂ ਸਤਿਗੁਰੂ ਪ੍ਰਤਾਪ ਸਿੰਘ ਜੀ ਅਤੇ ਵੱਡੇ ਬਾਬਾ ਜੀ ਦਿਨ ਰਾਤ ਇਕ ਕਰਕੇ ਲੋਕਾਂ ਨੂੰ ਮੌਤ ਦੇ ਮੂੰਹ ਵਿਚੋਂ ਬਚਾ ਰਹੇ ਸਨ। ਪਾਕਿਸਤਾਨ ਚੋਂ

Namdhari Elibrary NamdhariElibrary@gmail.com

ਕੱਢ ਕੇ ਲਿਆ ਰਹੇ ਸਨ । ਉਜੜਿਆਂ ਨੂੰ ਵਸਾ ਰਹੇ ਸਨ । ਇਨਾਂ ਦੰਗਿਆਂ ਸਮੇਂ ਹਿੰਦੂ-ਸਿੱਖਾਂ ਨੇ ਹਿੰਦੂ-ਸਿੱਖਾਂ ਦੀ ਅਤੇ ਮੁਸਲਮਾਨਾਂ ਨੇ ਮੁਸਲਮਾਨਾਂ ਦੀ ਸਹਾਇਤਾ ਤਾਂ ਕੀਤੀ ਹੀ ਪਰ ਇਹ ਸਰਬ-ਸਾਂਝੇ ਪਾਤਸ਼ਾਹ ਦਾ ਦਰ ਹੀ ਹੈ ਜਿਥੋਂ ਮੁਸਲਮਾਨ ਕਾਫਲਿਆਂ ਦੀ ਸਹਾਇਤਾ ਵੀ ਆਪਣਿਆਂ ਵਾਂਗ ਕੀਤੀ ਗਈ । ਸ੍ਰੀ ਭੈਣੀ ਸਾਹਿਬ ਨੇੜਿਓਂ ਲੰਘਣ ਵਾਲੇ ਮੁਸਲਮਾਨਾਂ ਦੇ ਕਾਫਲੇ ਲੰਗਰ ਚੋਂ ਪ੍ਰਸ਼ਾਦਾ ਛਕ ਕੇ ਜਾਂਦੇ । ਸ੍ਰੀ ਜੀਵਨ ਨਗਰ ਇਲਾਕੇ ਵਿਚੋਂ ਕਿਸੇ ਇਕ ਵੀ ਮੁਸਲਮਾਨ ਦਾ ਜਾਨੀ-ਮਾਲੀ ਨੁਕਸਾਨ ਨਹੀਂ ਹੋਇਆ ਸਗੋਂ ਜਥਾ-ਯੋਗ ਅੰਨ-ਜਲ ਦੀ ਸੇਵਾ ਕੀਤੀ ਗਈ ।

ਸੰਨ 1947 ਤੋਂ 1960 ਈ. ਤੱਕ ਤਿੰਨ ਵਰ੍ਹੇ ਸ੍ਰੀ ਜੀਵਨ ਨਗਰ ਇਲਾਕੇ ਦੇ ਕ੍ਰੀਬ ਵੀਹ ਪਿੰਡਾਂ ਦੀ ਖੇਤੀ ਸਾਂਝੀ ਕੀਤੀ ਗਈ । ਸਾਂਝੀ ਖੇਤੀ ਦੀ ਬਿਜਾਈ-ਵਢਾਈ ਅਤੇ ਵੰਡ ਦੀ ਜ਼ਿੰਮੇਵਾਰੀ ਪਿਤਾ -ਸਤਿਗੁਰੂ ਦੇ ਹੁਕਮ ਅਨੁਸਾਰ ਵੱਡੇ ਬਾਬਾ ਜੀ ਨੇ ਬੜੀ ਸੂਝ-ਬੂਝ ਅਤੇ ਸੁਚੱਜਤਾ ਨਾਲ ਨਿਭਾਈ ।

ਵੱਡੇ ਬਾਬਾ ਜੀ ਨੇ 39 ਵਰ੍ਹੇ ਇਕ ਸਿਦਕੀ ਅਤੇ ਪੂਰਨ ਗੁਰ-ਸਿੱਖ ਦੀ ਤਰਾਂ ਸਤਿਗੁਰੂ ਹੁਕਮ ਦੀ ਕਾਰ ਵਿਚ ਰਹਿੰਦਿਆਂ ਬਿਤਾਏ । ਅਜੇਹੀਆਂ ਅਨੇਕਾਂ ਘਟਨਾਵਾਂ ਹਨ ਜੋ ਆਪ ਨੂੰ ਲਹਿਣਾ ਜੀ ਵਾਂਗ ਇਸ ਰਾਜ-ਜੋਗ ਗੱਦੀ ਦਾ ਯੋਗ ਉਤਰਾਧਿਕਾਰੀ ਠਹਿਰਾਉਂਦੀਆਂ ਹਨ -

ਬਾਲ ਅਵਸਥਾ ਵਿਚ ਇਕ ਸਿੱਖ ਦੇ ਪੁੱਛਣ ਤੇ ਕਿ ਆਪਦਾ ਨਾਂ ਕੀ ਹੈ ? ਜੁਆਬ ਵਿਚ -

"ਅਗਸਤ ਆਦਿ ਜੇ ਬਡੇ ਤਪਸਤਪੀ ਬਿਸੇਖੀਐ ।
ਬੇਅੰਤ ਬੇਅੰਤ ਬੇਅੰਤ ਕੋ ਕਰੰਤ ਪਾਠ ਪੇਖੀਐ ।" ਤੁਕਾਂ ਸੁਣਾ ਦੇਣੀਆਂ ਸੰਕੇਤ ਸੀ ਆਪ ਦੇ ਈਸ਼ਵਰੀ ਅਵਤਾਰ ਹੋਣ ਦਾ ।

ਇਕ ਸਾਧੂ (ਸੰਤ ਮੰਗਲ ਸਿੰਘ ਰਾਮਟਾਹਲੀ) ਦੇ ਚਿਤਵਣ ਤੇ - ਕਿ ਜੇ ਸਾਹਿਬਜ਼ਾਦਾ ਕਲਾ ਵਾਲਾ ਹੈ ਤਾਂ ਮੇਰੀ ਕੁਟੀਆਂ ਵਿਚ ਆ ਕੇ ਦਰਸ਼ਨ ਦੇਵੇ । ਉਸੇ ਵੇਲੇ ਉਸ ਸਾਧੂ ਦੀ ਕੁਟੀਆ ਵਿਚ ਜਾ ਕੇ ਇਕ ਬੂਟੀ ਪੁੱਟਣ ਲਈ ਰੰਬੀ ਮੰਗਣ ਦੇ ਬਹਾਨੇ ਉਸਨੂੰ ਦਰਸ਼ਨ ਦੇਣਾ ।

ਸਾਰਿਆਂ ਦੇ ਸੌਂ ਜਾਣ ਤੋਂ ਬਾਦ ਚੋਰੀ ਬਾਹਰ ਚਲੇ ਜਾਣਾ । ਸ੍ਰੀ ਜੀਵਨ ਨਗਰ ਸਰੋਵਰ ਕੰਢੇ ਪਈ ਇਕ ਲੱਕੜ ਤੇ ਬੈਠ ਕੇ ਸਾਰੀ ਸਾਰੀ ਰਾਤ ਨਾਮ ਜੱਪਣਾ ਅਤੇ ਅਮ੍ਰਿਤ ਵੇਲੇ ਸਭ ਦੇ ਜਾਗਣ ਤੋਂ ਪਹਿਲੋਂ ਆ ਜਾਣਾ ।

Namdhari Elibrary NamdhariElibrary@gmail.com

ਮੇਲਿਆਂ ਵਿਚ ਅੰਮ੍ਰਿਤਵੇਲੇ ਸਿੱਖਾਂ ਸਾਧਾਂ ਦਾ ਇਸ਼ਨਾਨ ਕਰਵਾਉਣਾ ,ਲੰਗਰ ਵਿਚ ਪ੍ਰਸ਼ਾਦੇ ਪਕਾਉਣੇ ,ਸੰਗਤ ਦੇ ਜੂਠੇ ਭਾਂਡੇ ਮਾਂਜਨ ਦੀ ਸੇਵਾ ਕਰਨੀ ਕਈ-ਕਈ ਰਾਤਾਂ ਜਾਗ ਕੇ ਮੇਲਿਆਂ ਦੇ ਪ੍ਰਬੰਧ ਦੀ ਜ਼ੁੰਮੇਵਾਰੀ ਨਿਭਾਉਣੀ।

ਗੁਰੂ-ਹੁਕਮ ਅਨੁਸਾਰ ਧਰਮ ਪ੍ਰਚਾਰ ਲਈ ਦੌਰੇ ਕਰਨੇ ,ਸਿੱਖਾਂ ਦੇ ਆਪਸੀ ਝਗੜਿਆਂ ਦੇ ਫੈਸਲੇ ਕਰਨੇ। ਸਾਧਾਂ ਦੇ ਸ਼ੰਕੇ ਨਵਿਰਤ ਕਰਨੇ ਅਤੇ ਗੁਰ ਸਿੱਖੀ ਦਾ ਸਾਰ ਸਮਝਾਉਣਾ।

ਜਿਵੇਂ ਇਕ ਵੇਰ ਸੰਤ ਤਰਨ ਸਿੰਘ ਵਹਿਮੀ ਦੇ ਪੁੱਛਣ ਤੇ ਕਿ-ਮੈਨੂੰ ਦੱਸੋ ਸਿੱਖੀ ਕੀ ਹੈ ? ਗੁਰੂ ਅਤੇ ਸਿੱਖ ਦਾ ਕੀ ਸਬੰਧ ਹੈ ? ਆਪਜੀ ਨੇ ਸਮਝਾਇਆ -'ਸਿੱਖ ਇਕ ਅਣਜਾਣ ਬਾਲਕ ਵਾਂਗ ਅਤੇ ਸਤਿਗੁਰੂ ਪਿਤਾ ਵਾਂਗ ਹੈ। ਜਿਵੇਂ ਪਿਤਾ ਉਂਗਲੀਂ ਫੜ ਕੇ ਰੱਖੇ ਤਦ ਹੀ ਬਾਲਕ ਮੇਲੇ ਦਾ ਅਨੰਦ ਲੈ ਸਕਦਾ ਹੈ। ਸਿੱਖ ਤਾਂ ਹੀ ਸਿੱਖੀ ਵਿਚ ਕਾਇਮ ਰਹਿ ਸਕਦਾ ਹੈ ਜੇ ਸਤਿਗੁਰ ਸਿੱਖ ਦੇ ਸਿਰ ਤੇ ਮੇਹਰ ਭਰਿਆ ਰੱਖੇ ।

ਪਿਤਾ-ਸਤਿਗੁਰੂ ਅਤੇ ਆਪਦੇ ਸਥਾਪਿਤ ਕੀਤੇ ਮੁਖਤਿਆਰਾਂ ਦੀ ਆਗਿਆ ਹਮੇਸ਼ਾਂ ਸਤਿ ਬਚਨ ਕਰਕੇ ਮੰਨਣੀ ,ਸਖਤੀਆਂ ਖਿੜੇ-ਮੱਥੇ ਸਹਿਨ ਕਰਨੀਆਂ, ਕਦੇ ਵੀ ਸਾਹਿਬਜ਼ਾਦਾ ਹੋਣ ਦਾ ਵਿਸ਼ੇਸ਼ ਅਧਿਕਾਰ ਨਾ ਜਤਾਉਣਾ॥

ਇਕ ਵੇਰ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਉਸਤਾਦ ਨੱਥਾ ਸਿੰਘ ਨੂੰ ਹੁਕਮ ਕੀਤਾ ਕਿ ਵੱਡੇ ਕਾਕੇ ਨੂੰ ਪੁਛ ਲਵੀਂ- ਮੈਂ ਸਭ ਨੂੰ ਜਮੀਨਾਂ ਦਿਤੀਆਂ ਹਨ। ਫੇਰ ਨਾ ਕਹੇ ਮੈਨੂੰ ਕੀ ਦਿੱਤਾ ਹੈ ? - ਕੁਛ ਚਾਹੀਦਾ ਹੈ ਤਾਂ ਹੁਣ ਦੱਸ ਦੇਵੇ। - ਜੁਆਬ ਵਿਚ ਆਪਨੇ ਕਛਿਹਰੇ ਨੂੰ ਹੱਥ ਲਾ ਕੇ ਕਿਹਾ ਕਿ ਮੈਨੂੰ ਤਾਂ ਇਹ ਕੱਛ ਹੀ ਚਾਹੀਦੀ ਹੈ।" ਇਸ ਬਾਰੇ ਅੱਟਲ ਪ੍ਰਤਾਪੀ ਸਤਿਗੁਰੂ ਜੀ ਨੇ ਫੁਰਮਾਇਆ ਕਿ ਮੈਨੂੰ ਵੀ ਕਾਕੇ ਤੋਂ ਇਹੀ ਆਸ ਸੀ ਕਿ ਉਹ ਸਿੱਖੀ ਹੀ ਮੰਗੇਗਾ।

ਆਪਦੇ ਅਥਾਹ ਪ੍ਰੇਮ ,ਅਡੋਲ ਸਿਦਕ ਅਤੇ ਪੂਰਨ ਸਮਰਪਣ ਭਾਵਨਾ ਸਦਕਾ ਹੀ ਇਕ ਵੇਰ ਅਟੱਲ ਪ੍ਰਤਾਪੀ ਸਤਿਗੁਰੂ ਜੀ ਨੇ ਖੁਸ਼ੀ ਦੇ ਰੌਅ ਵਿਚ ਆਪ ਜੀ ਨੂੰ ਕਿਹਾ ਸੀ "ਕਾਕਾ ਤੂੰ ਮੇਰਾ ਪੁਤ੍ਰ ਵੀ ਹੈਂ ਤੇ ਯਾਰ ਵੀ।"

ਇਸੇ ਤਰ੍ਹਾਂ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਜੋਤੀ ਜੋਤ ਸਮਾਉਣ ਤੋਂ ਦੋ ਕੁ ਮਹੀਨੇ ਪਹਿਲੋਂ ਦਿੱਲੀਓਂ ਕਾਰ ਵਿਚ ਆਉਂਦਿਆਂ ਸ੍ਰ. ਕੇਹਰ ਸਿੰਘ ਮਾਨ ਨੇ ਅਰਜ ਕੀਤੀ - "ਸੱਚੇਪਾਤਸ਼ਾਹ ਆਪ ਜੀ ਦੀ ਸੇਹਤ ਢਿੱਲੀ ਰਹਿੰਦੀ ਹੈ। ਪੰਥ ਨੂੰ ਅਜੇ ਆਪਦੀ ਬੜੀ ਲੋੜ ਹੈ - ਕਿਰਪਾ ਕਰੋ।"

Namdhari Elibrary NamdhariElibrary@gmail.com

"ਮੈਨੂੰ ਕੋਈ ਚਿੰਤਾ ਨਹੀਂ ਵੱਡਾ ਕਾਕਾ ਪੰਥ ਦੀ ਸੰਭਾਲ-ਜੋਗ ਸਮਰੱਥ ਹੈ" – –ਅਟੱਲ ਪ੍ਰਤਾਪੀ ਜੀ ਨੇ ਤਸੱਲੀ ਪ੍ਰਗਟਾਉਂਦਿਆਂ ਜੁਆਬ ਦਿੱਤਾ।

ਸ੍ਰੀ ਜੀਵਨ ਨਗਰੋਂ ਆਖਰੀ ਵੇਰ ਸ੍ਰੀ ਭੈਣੀ ਸਾਹਿਬ ਵਲ ਜਾਣ ਸਮੇਂ 26 ਵੈਸਾਖ 2016 ਬ੍ਰਿ. ਨੂੰ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਸੰਗਤ ਨੂੰ ਤਾੜਨਾ ਵੀ ਕੀਤੀ ਕਿ ਏਥੇ (ਡੇਰੇ ਵਿਚ) ਉਹ ਹੀ ਰਹੇ ਜਿਸਨੇ ਵੱਡੇ ਕਾਕੇ ਦਾ ਹੁਕਮ ਵਿਚ ਚਲਣਾ ਹੈ। ਹੁਣ ਸਭ ਅਖਤਿਆਰ ਇਸੇ ਪਾਸ ਹਨ।

5–6 ਸੌਣ 2016 ਬ੍ਰਿ. ਸ੍ਰੀ ਭੈਣੀ ਸਾਹਿਬ ਵਿਖੇ ਗੋਲ ਮੰਦਰ ਵਿਚ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਵੱਡੇ ਬਾਬਾ ਜੀ ਦੀ ਯੋਗਤਾ, ਸਦਗੁਣਾਂ ਅਤੇ ਪੰਥ ਨੂੰ ਸੰਭਾਲਣ ਦੀ ਸਮਰੱਥਾ ਨੂੰ ਵੇਖਦਿਆਂ ਹੋਇਆ ਆਪਣੇ ਪਾਸ ਬੁਲਾਇਆ। ਸੰਤ ਰਤਨ ਸਿੰਘ ਹਜ਼ੂਰੀ ਸੇਵਕ ਨੂੰ ਹੁਕਮ ਕਰਕੇ ਚੌਂਕੀ ਮੰਗਵਾਈ। ਚੌਂਕੀ ਤੇ ਬੈਠਣ ਦਾ ਹੁਕਮ ਕੀਤਾ। ਪੰਥ ਦੀਆਂ ਜ਼ੁੰਮੇਵਾਰੀਆਂ ਸਮਝਾਉਂਦਿਆਂ ਫੁਰਮਾਇਆ – "ਭਾਵੇਂ ਕੋਠਿਆਂ ਦੀਆਂ ਕੜੀਆਂ ਵਿਕ ਜਾਣ, ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨ ਨਮਿਤ ਆਰੰਭੇ ਸ੍ਰੀ ਆਦਿ ਗ੍ਰੰਥ ਸਾਹਿਬ ਦੇ ਸਵਾ ਲੱਖ ਪਾਠ ਜਰੂਰ ਸਿਰੇ ਚਾੜ੍ਹਨੇ।"

ਇਸ ਸਮੇਂ ਹਾਲਾਤ ਬੜੇ ਨਾਜ਼ੁਕ ਸਨ ਕੁਝ ਗੁਰਦੋਖੀਆਂ ਅਤੇ ਸਵਾਰਥੀ ਰਾਜਨੀਤਿਕ ਵਿਅਕਤੀਆਂ ਵਲੋਂ ਸਤਿਗੁਰੂ ਪ੍ਰਤਾਪ ਸਿੰਘ ਜੀ ਤੇ ਕ੍ਰੀਬ 22 ਮੁਕਦਮੇ ਂ ਕੀਤੇ ਗਏ ਸਨ। ਉਹ ਰਾਜਨੇਤਾ ਇਕੱਠੇ ਬੈਠੇ ਸਿੱਖਾਂ ਨੂੰ ਅਲੱਗ-ਥਲੱਗ ਕਰਨਾਂ ਚਾਹੁੰਦੇ ਸਨ। ਉਹ ਚਾਹੁੰਦੇ ਸਨ ਕਿ ਸਤਿਗੁਰੂ ਜੀ ਨੂੰ ਕਚਿਹਰੀ ਵਿਚ ਲਿਜਾਇਆ ਜਾਵੇ। ਸ੍ਰੀ ਸਤਿਗੁਰੂ ਜੀ ਹੁਕਮ ਕਰਦੇ ਸਨ ਕਿ ਇਹ ਝੂਠੀ ਕਚਿਹਰੀ ਹੈ ਮੈਂ ਨਹੀਂ ਇਸ ਵਿਚ ਜਾਣਾ। ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਸਾਰਾ ਜੀਵਨ ਹੀ ਸੰਘਰਸ਼ ਕਰਦਿਆਂ ਗੁਜ਼ਰਿਆ।– ਦੇਸ਼ ਨੂੰ ਆਜ਼ਾਦ ਕਰਾਉਣ ਲਈ ਵਿਦੇਸ਼ੀ ਸਰਕਾਰ ਨਾਲ ਸੰਘਰਸ਼, ਫੇਰ ਦੇਸ਼ ਦੀ ਵੰਡ ਸਮੇਂ ਉੱਜੜ ਕੇ ਆਇਆਂ ਨੂੰ ਵਸਾਉਣ ਲਈ ਸੰਘਰਸ਼ ਅਤੇ ਅਖੀਰ ਵਿਚ ਆਪਣੇ ਹੀ ਕੁਝ ਸਵਾਰਥੀ ਸਿੱਖਾਂ ਵੱਲੋਂ ਬੇਵਜ੍ਹਾ ਕੀਤੇ ਮੁਕਦਮਿਆਂ ਨੂੰ ਨਜਿੱਠਣ ਲਈ ਸੰਘਰਸ਼। ਵੱਡੇ ਬਾਬਾ ਜੀ ਵੀ ਇਕ ਵਿਸ਼ੇਸ਼ ਪਾਤਰ ਰਹੇ ਅਟੱਲ ਪ੍ਰਤਾਪੀ ਜੀ ਦੇ ਇਸ ਸੰਘਰਸ਼ ਮਈ ਜੀਵਨ ਦੇ। ਐਸੇ ਨਾਜ਼ੁਕ ਹਾਲਾਤ ਵਿਚ ਹੀ 5–6 ਭਾਦਰੋਂ ਦੀ ਰਾਤ ਸੰਮਤ 2016 ਬ੍ਰਿ. (ਸੰਨ 1959 ਈ.) ਨੂੰ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਜੋਤੀ ਜੋਤ ਸਮਾ ਗਏ। ਵੱਡੇ ਬਾਬਾ ਜੀ ਨੇ ਸਤਿਗੁਰੂ ਰੂਪ ਵਿਚ ਪੰਥ ਦੀ ਵਾਗ ਡੋਰ ਸੰਭਾਲੀ।

ਸਤਿਗੁਰੂ ਜਗਜੀਤ ਸਿੰਘ ਜੀ ਨੇ ਗੁਰਗੱਦੀ ਤੇ ਬਿਰਾਜਮਾਨ ਹੋ ਕੇ –

– ਗੁਰੂ ਘਰ ਪ੍ਰਤੀ ਵਿਰੋਧ ਨੂੰ ਖਤਮ ਕੀਤਾ ।
– ਵਿਰੋਧੀਆਂ ਨੂੰ ਸ਼ਾਂਤ ਕੀਤਾ ।
– ਰੁੱਸਿਆਂ ਨੂੰ ਮਨਾਇਆ ।
– ਆਪਣਿਆਂ ਨੂੰ ਥਾਪੜਾ ਬਖਸ਼ ਕੇ ਵਿਕਾਸ ਦੇ ਰਸਤੇ ਤੇ ਤੋਰਿਆ ।
– ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਆਰੰਭੇ ਕਾਰਜਾਂ ਨੂੰ ਅੱਗੇ ਤੋਰਿਆ ।
– ਨਾਮ ਬਾਣੀ ਦਾ ਪ੍ਰਵਾਹ ਚਲਾਇਆ ।
– ਸਰਬਪੱਖੀ ਵਿਕਾਸ ਲਈ ਕਾਰਜ ਆਰੰਭੇ ।
– ਨਵੀਆਂ ਲੀਹਾਂ ਪਾਈਆਂ ।
– ਨੌਜੁਆਨ ਪੀੜੀ ਨੂੰ ਧਰਮ ਅਤੇ ਵਿਰਸੇ ਨਾਲ ਜੋੜਨ ਲਈ ਯਤਨ ਅਰੰਭੇ ।
– ਸਾਹਿਤ , ਸੰਗੀਤ ,ਖੇਡਾਂ ,ਬਾਗਬਾਨੀ ਅਤੇ ਬੀਜ ਉਤਪਾਦਨ ਵਿਚ ਸਿੱਖੀ ਸਰੂਪ ਦੀ ਮਾਣਯੋਗ ਪਛਾਣ ਬਣਾਈ ।
– ਵਿਸ਼ਵ ਪੱਧਰੀ ਸਮਾਗਮਾਂ ਵਿਚ ਸਿੱਖ-ਧਰਮ ਅਤੇ ਭਾਰਤ ਵਰਸ਼ ਦੀ ਪ੍ਰਤੀਨਿਧਤਾ ਕਰਨ ਲੱਗੇ ।
– ਲੋਕਾਈ ਨੂੰ ਅਮਨ ,ਏਕਤਾ ਅਤੇ ਭਾਈਚਾਰਕ ਸਦਭਾਵਨਾ ਦਾ ਸੰਦੇਸ਼ ਦੇਣ ਲਈ ਵਿਸ਼ਵ ਦੌਰੇ ਸ਼ੁਰੂ ਕੀਤੇ ।
– ਅੱਜ ਆਪ ਸਮੁੱਚੇ ਵਿਸ਼ਵ ਵਿਚ ਸਾਬਤ ਸੂਰਤ ਸਿੱਖੀ-ਸਰੂਪ ,ਸਭਿਆਚਾਰ ਅਤੇ ਮਰਿਯਾਦਾ ਦਾ ਪ੍ਰਚਾਰ ਅਤੇ ਪ੍ਰਸਾਰ ਕਰ ਰਹੇ ਹਨ ।

ਆਪਜੀ ਨੇ ਸਭ ਤੋਂ ਪਹਿਲਾਂ ਸੁਖਾਵਾਂ ਵਾਤਾਵਾਰਣ ਪੈਦਾ ਕਰਨ ਲਈ ਵਿਰੋਧ ਨੂੰ ਖਤਮ ਕੀਤਾ । ਵਿਰੋਧੀਆਂ ਨੂੰ ਆਪਣੀ ਗਲਤੀ ਦਾ ਅਹਿਸਾਸ ਕਰਵਾਇਆ । ਸੰਤ ਨਗਰ ਹੋਲੇ ਮਹੱਲੇ ਦੇ ਭਰੇ ਦੀਵਾਨ ਵਿਚ ਰਾਜਨੀਤਿਕ ਨੇਤਾਵਾਂ ਦੇ ਸਾਮਣੇ ਮੁੱਖ ਵਿਰੋਧੀ ਤੇਜਾ ਸਿੰਘ ਨੇ ਆਖਿਆ – "ਸਤਿਗੁਰੂ ਪ੍ਰਤਾਪ ਸਿੰਘ ਜੀ ਠੀਕ ਸਨ ਅਸੀਂ ਹੀ ਸੱਚੇਪਾਤਸ਼ਾਹ ਤੇ ਝੂਠੇ ਮੁਕਦਮੇਂ ਕੀਤੇ ਸਨ । ਅੱਜ ਮੈਂ ਆਪਣੇ ਸਾਥੀਆਂ ਵਲੋਂ ਸਤਿਗੁਰੂ ਜਗਜੀਤ ਸਿੰਘ ਜੀ ਪਾਸੋਂ ਮੁਆਫੀ ਮੰਗਦਾ ਹਾਂ ।" – ਇਹ ਸਤਿਗੁਰੂ ਜਗਜੀਤ ਸਿੰਘ ਜੀ ਦੀ ਬਹੁਤ ਵੱਡੀ ਜਿੱਤ ਸੀ । ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸਰਾਫੇ, ਨੀਮ ਪਾਗਲ ਹੋਏ ਪੁਰਸ਼ ਜਦ ਬਖਸ਼ਾਉਣ ਆਏ ਤਾਂ ਆਪਜੀ ਨੇ ਫੁਰਮਾਇਆ – "ਜਿਸ ਜੁਬਾਨ ਨਾਲ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਨਿੰਦਿਆ ਕਰਦੇ ਰਹੇ ਹੋ ਉਸੇ ਜਬਾਨ ਨਾਲ ਸੱਚੇਪਾਤਸ਼ਾਹ ਜੀ ਦੀ ਉਸਤਤ ਕਰੋ । ਤਾਂ ਬਖਸ਼ੇ ਜਾਉਗੇ ,ਠੀਕ ਹੋਵੋਗੇ । ਇਸੇ ਤਰ੍ਹਾਂ ਹੀ ਹੋਇਆ । ਬਹੁਤ ਛੇਤੀ ਹੀ ਵਿਰੋਧ ਦੇ

Namdhari Elibrary NamdhariElibrary@gmail.com

ਦੇ ਬੱਦਲ ਖਿੰਡ-ਪੁੰਡ ਗਏ । ਸਤਿਗੁਰੂ ਜਗਜੀਤ ਸਿੰਘ ਸੱਚੇਪਾਤਸ਼ਾਹ ਸਮਾਜ ਦੇ ਆਕਾਸ਼ ਤੇ ਸੂਰਜ ਬਣ ਚਮਕਣ ਲੱਗੇ । ਆਪ ਜੀ ਨੇ ਅੱਟਲ ਪ੍ਰਤਾਪੀ ਸਤਿਗੁਰੂ ਜੀ ਦੇ ਚਿਤਵੇ ਸੁਪਨਿਆਂ ਨੂੰ ਸਾਕਾਰ ਕਰਨ ਲਈ ਕਮਰ ਕੱਸਾ ਕਰ ਲਿਆ ।

ਆਪ ਜੀ ਦੀ ਨਿੱਜੀ ਡਾਇਰੀ ਦੇ 27 ਫਰਵਰੀ 1950 ਈ. ਦੇ ਪੰਨੇ ਤੇ ਬੈਂਕੋਕ ਵਿਖੇ ਕੀਤਾ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਹੁਕਮ ਲਿਖਿਆ ਹੈ - "ਸ੍ਰੀ ਸਤਿਗੁਰੂ ਜੀ ਨੇ ਕਥਾ ਵਿਚ ਦੇਹਧਾਰੀ ਅਵਤਾਰ ਦੀ ਹੋਂਦ ਦੱਸੀ - ਕਥਾ ਦੇ ਅਖੀਰ ਨਿਤਨੇਮ ਲਈ ਖਾਸ ਕਰ ਨਾਮਧਾਰੀਆਂ ਨੂੰ ਅਤੇ ਆਮ ਕਰ ਦੂਸਰੇ ਸਿੱਖਾਂ ਨੂੰ ਭੀ ਤਾੜਨਾਂ ਕੀਤੀ ਕਿ ਜਰੂਰ ਭਜਨ ਕਰਨਾ ਚਾਹੀਦਾ ਹੈ । ਸਾਡਾ ਤੁਹਾਡਾ ਰਿਸ਼ਤਾ ਭਜਨ ਬਾਣੀ ਦਾ ਹੀ ਹੈ ।"

ਗੁਰੂ ਅਤੇ ਸਿੱਖ ਦੇ ਨਾਤੇ ਦੇ ਜੁੜੇ ਰਹਿਣ ਦੇ ਮਾਧਿਅਮ ਭਜਨ-ਬਾਣੀ ਦਾ ਸਿੱਖਾਂ ਵਿਚ ਪ੍ਰਵਾਹ ਚਲਾਉਣ ਲਈ ਆਪਜੀ ਨੇ

- ਤਿੰਨ ਵੇਰ ਆਦਿ ਸ੍ਰੀ ਗ੍ਰੰਥ ਸਾਹਿਬ ਦੇ ਸਵਾ-ਸਵਾ ਲੱਖ ਪਾਠ ਕਰਵਾਏ ।
- ਹਜਾਰਾਂ ਅਖੰਡ ਪਾਠ ਕਰਵਾਏ ।
- ਪੰਜ ਵੇਰ ਸਵਾ-ਸਵਾ ਲੱਖ ਚੰਡੀ ਦੀ ਵਾਰ ਦੇ ਪਾਠ ਅਤੇ ਮਹਾਨ ਹਵਨ ਯੱਗ ਕਰਵਾਏ ।
- ਅੱਟਲ ਪ੍ਰਤਾਪੀ ਸਤਿਗੁਰੂ ਜੀ ਦੇ ਸਮੇਂ ਦੀਆਂ ਚਲ ਰਹੀਆਂ ਦੋ ਨਾਮ-ਸਿਮਰਨ ਦੀਆਂ ਅਖੰਡ ਵਰਨੀਆਂ ਵਧ ਕੇ ਅੱਜ ਨਾਮਧਾਰੀ ਸਮਾਜ ਵਿਚ 10 ਅਖੰਡ ਵਰਨੀਆਂ ਚਲ ਰਹੀਆਂ ਹਨ ।
- ਸਲਾਨਾਂ ਨਾਮ ਸਿਮਰਨ ਜੱਪ-ਪ੍ਰਯੋਗ ਸਮੇਂ ਮਹੀਨਾ ਭਰ ਦੇਸ਼ ਵਿਚ ਅਨੇਕਾਂ ਸ਼ਹਿਰਾਂ ਵਿਚ ਅਤੇ ਥਾਈਲੈਂਡ ,ਅਫਰੀਕਾ, ਇੰਗਲੈਂਡ ,ਜਰਮਨ ,ਅਮਰੀਕਾ ,ਕੈਨੇਡਾ ਆਦਿ ਦੇਸ਼ਾ ਵਿਚ ਵੀ ਹਜ਼ਾਰਾਂ ਨਾਮਧਾਰੀ ਸਿੱਖ ਰੋਜ਼ਾਨਾ ਅੱਠ-ਅੱਠ ਘੰਟੇ ਨਾਮ ਜੱਪਦੇ ਹਨ ।
- ਸ੍ਰੀ ਭੈਣੀ ਸਾਹਿਬ ਵਿਖੇ ਸੰਨ 1966 ਈ.ਤੋਂ ਅਖੰਡ ਨਾਮ ਸਿਮਰਨ ਜੱਪ ਪ੍ਰਯੋਗ ਚਲ ਰਿਹਾ ਹੈ । ਜਿੱਥੇ ਪੰਜ ਸਾਲ ਤੋਂ ਪਚਾਨਵੇਂ ਸਾਲ ਦੇ ਸੈਂਕੜੇ ਬੱਚੇ, ਜਵਾਨ, ਬਿਰਧ ਅੰਮ੍ਰਿਤ ਵੇਲੇ ਦੋ ਵਜੇ ਤੋਂ ਨਾਮ ਸਿਮਰਨ ਕਰਨ ਲਗ ਜਾਂਦੇ ਹਨ ।

ਸਤਿਗੁਰੂ ਜਗਜੀਤ ਸਿੰਘ ਜੀ ਆਪ ਨਾਮ ਜੱਪਦੇ ਹਨ ਅਤੇ ਸਿੱਖਾਂ ਤੋਂ ਜਪਵਾਉਂਦੇ ਹਨ । ਅਤਿ ਦੇ ਰੁਝੇਵਿਆਂ ਵਿਚ ਵੀ ਅੰਮ੍ਰਿਤ ਵੇਲੇ ਸਕੇਸੀ ਇਸ਼ਨਾਨ ਕਰਕੇ ਦੋ ਵਜੇ ਤੋਂ,ਸੂਰਜ ਉਦਯ ਤਕ ਨਾਮ ਸਿਮਰਨ ਕਰਨਾ ,ਆਸਾ ਜੀ ਦੀ ਵਾਰ

Namdhari Elibrary NamdhariElibrary@gmail.com

ਭਾਰਤੀ ਸੰਸਕ੍ਰਿਤੀ ਦਾ ਗੌਰਵ
ਆਦਰਸ਼ ਸਮਾਜ ਦੇ ਉਸਰੱਈਏ
ਸਿੱਖੀ-ਸਰੂਪ ,ਸਭਿਆਚਾਰਕ ਅਤੇ ਮਰਿਯਾਦਾ ਦੇ ਪ੍ਰਤੀਕ

ਸਿੱਖੀ ਪਰੰਪਰਾ ਨੂੰ ਇੱਕੀਵੀਂ ਸਦੀ ਵਿਚ ਲੈ ਜਾਣ
ਵਾਲੇ ਵਿਸ਼ਵ ਦੇ ਮਹਾਨ ਰਹਿਨੁਮਾ -
ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ

Namdhari Elibrary NamdhariElibrary@gmail.com

ਸੰਨ 1965–66 ਇਲਾਕਾ ਸ੍ਰੀ ਜੀਵਨ ਨਗਰ (ਸਿਰਸਾ)

ਸੜਕਾਂ ਬਣਾਉਣ ਸਮੇਂ– ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਨਾਲ ਸੇਵਾਦਾਰ–ਸਿੱਖ

Namdhari Elibrary NamdhariElibrary@gmail com

ਰਾਮਦਾਸ ਸਰੋਵਰ (ਅੰਮ੍ਰਿਤਸਰ) ਦੀ ਕਾਰਸੇਵਾ

ਰਾਮਸਰ (ਸ੍ਰੀ ਭੈਣੀ ਸਾਹਿਬ) ਦੀ ਕਾਰ ਸੇਵਾ

Namdhari Elibrary NamdhariElibrary@gmail.com

ਤਖਤ ਸ੍ਰੀ ਹਜ਼ੂਰ ਸਾਹਿਬ (ਮਹਾਰਾਸ਼ਟਰ) ਵਿਖੇ ਸ੍ਰੀ ਸਤਿਗੁਰੂ ਜੀ ਦਾ ਅਭਿਨੰਦਨ

ਨਵੰਬਰ 1978 ਥਾਈਲੈਂਡ ਵਿਖੇ ਸ਼ਾਂਤੀ ਮੰਦਰ ਦਾ ਨੀਂਹ ਪੱਥਰ ਰੱਖਣ ਸਮੇਂ

Namdhari Elibrary NamdhariElibrary@gmail.com

ਯੂ.ਐਨ.ਓ.ਦੇ ਅਸੈਂਬਲੀ ਹਾਲ (ਨਿਊਯਾਰਕ) ਵਿਚ ਹੋਏ ਧਾਰਮਿਕ ਅਤੇ ਅਧਿਆਤਮਕ ਰਹਿਨੁਮਾਵਾਂ ਦੇ ਵਿਸ਼ਵ ਅਮਨ ਸਿਖਰ ਸੰਮੇਲਨ ਵਿਚ ਸ੍ਰੀ ਸਤਿਗੁਰੂ ਜੀ

32 ਦੇਸ਼ਾਂ ਦੇ ਧਾਰਮਿਕ ਆਗੂਆਂ ਵਿਚਕਾਰ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ

Namdhari Elibrary NamdhariElibrary@gmail.com

ਬਿਰਧ ਸਿੱਖ ਅਤੇ ਪਸ਼ੂ-ਪੰਛੀ ਸ੍ਰੀ ਸਤਿਗੁਰੂ ਜੀ ਦੀ ਪਿਆਰ ਛੋਹ ਦਾ ਅਨੰਦ ਮਾਣਦੇ ਹੋਏ ।

Namdhari Elibrary NamdhariElibrary@gmail.com

ਸ੍ਰੀ ਭੈਣੀ ਸਾਹਿਬ ਗਊਆਂ ਦੇ ਤਬੇਲੇ ਵਿਚ

ਅਫਰੀਕਾ ਦੇ ਜੰਗਲਾਂ ਵਿਚ

Namdhari Elibrary NamdhariElibrary@gmail.com

ਸਰਬੱਤ ਦੇ ਭਲੇ ਅਤੇ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨ ਨਮਿ

ਸਵਾ ਲੱਖ ਸ੍ਰੀ ਆਦਿ ਗ੍ਰੰਥ ਦੇ ਪਾਠਾਂ ਦੇ ਭੋਗ

ਸਵਾ ਲੱਖ ਚੰਡੀ ਦੀ ਵਾਰ ਦੇ ਪਾਠ ਅਤੇ ਹਵਨ-ਯੱਗ

Namdhari Elibrary NamdhariElibrary@gmail com

ਦਾ ਕੀਰਤਨ ਸੁਨਣਾ , ਦੁਪਹਿਰੇ 1 ਘੰਟਾ ਨਾਮ ਸਿਮਰਨ ਅਤੇ ਕੀਰਤਨ ਕਰਨਾ – ਰੋਜਾਨਾ 18 ਬਾਣੀਆਂ ਦਾ ਪਾਠ ਕਰਨਾ ਆਪਦੇ ਨਿਤਕ੍ਰਮ ਵਿਚ ਸ਼ਾਮਲ ਹੈ। ਆਪ ਜੀ ਹਮੇਸ਼ਾ ਉਪਦੇਸ਼ ਦੇਂਦਿਆਂ ਹੁਕਮ ਕਰਦੇ ਹਨ – "ਹਰ ਜੀਅ ਪ੍ਰਤੀ ਰੋਜਾਨਾਂ ਇਕ ਘੰਟਾ ਨਾਮ ਸਿਮਰਨ ਅਤੇ ਹਰ ਪ੍ਰਵਾਰ ਪ੍ਰਤੀ ਮਹੀਨੇ ਦਾ ਇਕ ਪਾਠ ਸ੍ਰੀ ਆਦਿ ਗ੍ਰੰਥ ਸਾਹਿਬ ਜਾਂ ਸ੍ਰੀ ਦਸਮ ਗ੍ਰੰਥ ਸਾਹਿਬ ਦਾ ਜਰੂਰ ਕਰੋ।"

"ਘਰ–ਘਰ ਅੰਦਰ ਧਰਮਸਾਲ ਹੋਵੈ ਕੀਰਤਨ ਸਦਾ ਵਸੋਆ" ਨੂੰ ਸਾਕਾਰ ਕਰਨ ਲਈ ਆਪਜੀ ਦੀ ਚਾਲ੍ਹੀ ਵਰ੍ਹਿਆਂ ਦੀ ਨਿਰੰਤਰ ਮੇਹਨਤ ਦਾ ਨਤੀਜਾ ਹੀ ਹੈ ਕਿ ਅੱਜ – ਸੈਂਕੜੇ ਨਾਮਧਾਰੀ ਬੱਚੇ ਅਤੇ ਬੱਚਿਆਂ ਹਨ ਜੋ ਤੰਤੀ ਸਾਜਾਂ ਨਾਲ ਕੀਰਤਨ ਕਰਦੇ ਹਨ। ਸ੍ਰੀ ਸਤਿਗੁਰੂ ਜੀ ਦੀ ਹਜੂਰੀ ਵਿਚ ਹੁੰਦੇ ਕੀਰਤਨ ਵਿਚ ਹਰਮੋਨੀਅਮ ਦੀ ਜਗ੍ਹਾ ,ਰਬਾਬ, ਸਿਤਾਰ ,ਸਰੋਦ ,ਸਾਰੰਦਾ ,ਸੰਤੂਰ ,ਸਾਰੰਗੀ ਦਿਲਰੁਬਾ ਅਤੇ ਬੰਸਰੀ ਸੁਣਨ ਨੂੰ ਮਿਲਦੇ ਹਨ। ਵਿਦੇਸ਼ਾ ਵਿਚ ਵੱਸਦੇ ਸਕੂਲਾਂ ਕਾਲਜਾਂ ਵਿਚ ਪੜ੍ਹਨ ਵਾਲੇ ਅਤੇ ਚੰਗੇ ਅਹੁਦਿਆਂ ਤੇ ਕੰਮ ਕਰਨ ਵਾਲੇ ਵਕੀਲ , ਡਾਕਟਰ ,ਇੰਜੀਨੀਅਰ ਆਦਿ ਆਪਣੇ ਪੜਾਈ ਅਤੇ ਕੰਮ ਦੇ ਵਕਤ ਵਿਚੋਂ ਸਮਾਂ ਕੱਢ ਕੇ ਕੀਰਤਨ ਸਿੱਖਦੇ ਹਨ। ਸਿੱਖੀ ਸਰੂਪ ਅਤੇ ਗੁਰਮੁਖੀ ਬਾਣੇ ਵਿਚ ਰਹਿੰਦਿਆਂ ਹੋਇਆਂ ਕੀਰਤਨ ਕਰਦੇ ਹਨ। ਭੇਟਾ ਦੀ ਮਾਇਆ ਨਹੀਂ ਲੈਂਦੇ। ਬੱਸ ਏਸੇ ਚਾਅ ਨਾਲ ਕੀਰਤਨ ਕਰਦੇ ਹਨ ਕਿ ਅਸੀਂ ਆਪਣੇ ਸਤਿਗੁਰੂ ਦੇ ਸਨਮੁਖ ਕੀਰਤਨ ਕਰਕੇ ਖੁਸ਼ੀਆਂ ਦੇ ਪਾਤਰ ਬਣ ਸੱਕੀਏ।

ਉਸਾਰੂ ਕਾਰਜਾਂ ਵਿਚ ਆਪਜੀ ਨੇ ਸਭ ਤੋਂ ਪਹਿਲੋਂ ਆਪਣੀ ਕਰਮ–ਭੂਮੀ ਬਣਾਇਆ ਇਲਾਕਾ ਸ੍ਰੀ ਜੀਵਨ ਨਗਰ ਨੂੰ। ਬਾਗੜ ਦੇ ਮੁੱਢ ਇਸ ਇਲਾਕੇ ਵਿਚ ਅੰਨ ਦਾ ਕਾਲ ਪੈ ਜਾਂਦਾ ਸੀ ,ਲੋਕ ਵਣਾਂ ਦੀਆਂ ਪੀਲ੍ਹਾਂ ਅਤੇ ਮਲ੍ਹਿਆਂ ਦੇ ਬੇਰ ਖਾ ਕੇ ਗੁਜਾਰਾ ਕਰਦੇ ਸਨ। ਓੜ ਕਾਰਨ ਏਥੇ ਕਾਂ ਤੱਕ ਤਿਹਾਏ ਮਰ ਜਾਂਦੇ ਸਨ। ਨਾ ਸੜਕਾਂ , ਨਾ ਫਸਲਾਂ ਅਤੇ ਨਾ ਸੁਖੀ ਵੱਸਦੇ ਲੋਕ , ਨਾ ਹੀ ਚੰਗੇ ਘਰ। ਪਰ ਜਦੋਂ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਇਸ ਇਲਾਕੇ ਵਿਚ ਚਰਨ ਪਾਏ ,ਆਪਣੇ ਸਿੱਖਾਂ ਨੂੰ ਵਸਾਇਆ ,ਨਾਮ–ਬਾਣੀ ਦਾ ਜਾਪ ਕਰਵਾਇਆ 'ਸਾ ਧਰਤੀ ਭਈ ਹਰੀਆਵਲੀ ਜਿਥੈ ਮੇਰਾ ਸਤਿਗੁਰੂ ਬੈਠਾ ਆਇ 'ਸਾਕਾਰ ਹੋ ਗਿਆ। ਸਮੇਂ ਨਾਲ ਵਰਖਾ ਹੋਣ ਲੱਗੀ , ਪਾਣੀ ਉੱਚੇ ਆ ਗਏ ,ਟਿਊਬਵੈੱਲ ਲਗ ਗਏ। ਹਰਿਆਵਲ ਅਤੇ ਖੁਸ਼ਹਾਲੀ ਵਧਣ ਲੱਗੀ। ਪਰ ਅਜੇ ਵੀ ਇਲਾਕੇ ਵਿਚ ਬਹੁਤ ਜਮੀਨ ਪੱਧਰੀ ਕਰਕੇ ਤਿਆਰ ਕਰਨ ਲਈ ਮੇਹਨਤ ਮੰਗਦੀ ਸੀ। ਸ੍ਰੀ ਸਤਿਗੁਰੂ ਜਗਜੀਤ ਸਿੰਘ

Namdhari Elibrary NamdhariElibrary@gmail.com

ਜੀ ਨੇ ਸਿੱਖਾਂ ਨੂੰ ਨਾਲ ਲੈ ਕੇ ਕੁਝ ਮਹੀਨਿਆਂ ਵਿਚ ਮਸਤਾਨਗੜ੍ਹ ਦੀ 400 ਏਕੜ ਦਲਦਲ ਜਮੀਨ ਨੂੰ ਆਬਾਦ ਕਰ ਲਿਆ। ਬਿਨਾ ਕਿਸੇ ਖਾਦ ਅਤੇ ਸਪਰ੍ਹੇ ਤੋਂ ਪ੍ਰਤੀ ਏਕੜ 66 ਮਣ ਕਣਕ ਪੈਦਾ ਕੀਤੀ। ਇਹ ਮਾਡਲ ਫਾਰਮ ਬਣ ਗਿਆ। ਅਣਥੱਕ ਮੇਹਨਤ ਦੀ ਪਰਤੱਖ ਕਾਰਾਮਾਤ ਵੇਖ ਕੇ ਸਾਰੇ ਇਲਾਕੇ ਵਿਚ ਲੋਂਕਾਂ ਨੇ ਰਹਿੰਦੀਆਂ ਜਮੀਨਾਂ ਵੀ ਆਬਾਦ ਕਰਨੀਆਂ ਸ਼ੁਰੂ ਕਰ ਦਿਤੀਆਂ।

ਇਸ ਇਲਾਕੇ ਵਿਚ ਮਲ੍ਹਿਆਂ ਦੇ ਬੇਰ ,ਵਣਾਂ ਦੀਆਂ ਪ੍ਰੀਲਾਂ ਅਤੇ ਚਿੱਬੜ ਹੀ ਮੁੱਖ ਫਲ ਹੁੰਦੇ ਸਨ। ਸ੍ਰੀ ਸਤਿਗੁਰੂ ਜੀ ਦੇ ਹੁਕਮ ਅਨੁਸਾਰ ਬਾਗ ਲਾਉਣ ਵਾਸਤੇ ਖੇਤੀ ਬਾੜੀ ਮਹਿਕਮੇਂ ਵਾਲਿਆਂ ਤੋਂ ਮਿੱਟੀ ਟੈਸਟ ਕਰਵਾਈ। ਉਨਾਂ ਰਿਪੋਰਟ ਦਿੱਤੀ ਕਿ ਇਸ ਜਮੀਨ ਵਿਚ ਸੀਟਰੈਸੱ ਫੈਮਿਲੀ ਦੇ ਫਲ ਨਿੰਬੂ ,ਸੰਤਰਾ ,ਮਾਲਟਾ ਆਦਿ ਨਹੀਂ ਹੋ ਸਕਦੇ। ਅਸੰਭਵ ਨੂੰ ਸੰਭਵ ਕਰਨਾ ਸਤਿਗੁਰੂ ਜਗਜੀਤ ਸਿੰਘ ਜੀ ਦਾ ਮਨ ਭਾਉਂਦਾ ਸ਼ੌਂਕ ਹੈ। ਆਪ ਨੇ ਪਹਿਲੋਂ ਆਪਣੇ ਖੇਤਾਂ ਵਿੱਚ ਸ੍ਰੀ ਜੀਵਨ ਨਗਰ ਅੰਗੂਰ , ਅਮਰੂਦ , ਕਿੰਨੂ , ਸੰਤਰੇ ,ਮਾਲਟੇ ਅਤੇ ਚਕੋਦਰਿਆਂ ਦੇ ਬਾਗ ਲਵਾਏ। ਫੇਰ ਸਾਰੇ ਇਲਾਕੇ ਵਿਚ ਸਿੱਖਾਂ ਨੂੰ ਉਚੇਚਾ ਹੁਕਮ ਕਰਕੇ ਅੰਗੂਰਾਂ ਦੇ ਬਾਗ ਲਵਾਏ। ਇਹ ਸ੍ਰੀ ਸਤਿਗੁਰੂ ਜੀ ਦੀ ਦੂਰਅੰਦੇਸ਼ਤਾ ਸੀ ਕਿ ਅੱਜ ਜੋ ਝੋਨੇ ਅਤੇ ਕਣਕ ਦਾ ਦੋ ਫਸਲੀ-ਚੱਕਰ ,ਸਰਕਾਰ ਅਤੇ ਜਿਮੀਂਦਾਰਾਂ ਵਾਸਤੇ ਸਮੱਸਿਆ ਬਣਿਆ ਹੋਇਆ ਹੈ। ਮੰਡੀ ਦੀ ਇਸ ਸਮੱਸਿਆ ਦੇ ਹੱਲ ਲਈ ਅਤੇ ਥੋੜੀ ਜਮੀਨ ਵਿਚੋਂ ਬਹੁਤੀ ਆਮਦਨ ਲੈਣ ਲਈ ਆਪ ਜੀ ਨੇ ਅੱਜ ਤੋਂ ਪੈਂਤੀ ਵਰ੍ਹੇ ਪਹਿਲਾਂ ਸਫਲ ਯਤਨ ਆਰੰਭੇ ਸਨ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਇਸੇ ਸੋਚ ਦੀ ਉਪਜ ਹੈ 'ਨਾਮਧਾਰੀ-ਸੀਡਜ਼' ਕੰਪਨੀ ਦਾ ਹੋਂਦ ਵਿਚ ਆਉਣਾ। ਫੁੱਲਾਂ ਅਤੇ ਸਬਜੀਆਂ ਦੇ ਬੀਜ ਪੈਦਾ ਕਰਨ ਵਿਚ 'ਨਾਮਧਾਰੀ-ਸੀਡਜ਼' ਅੱਜ ਵਿਸ਼ਵ ਪਰਸਿੱਧ ਹੈ।

ਇਸ ਇਲਾਕੇ ਦੇ ਵਿਕਾਸ ਵਿਚ ਬਹੁਤ ਵੱਡੀ ਰੁਕਾਵਟ ਸੀ-ਪੱਕੀਆਂ ਸੜਕਾਂ ਦੀ ਅਣਹੋਂਦ। ਸਰਕਾਰ ਸ਼ਾਇਦ ਵੀਹ ਪੱਚੀ ਸਾਲ ਬਾਦ ਏਧਰ ਧਿਆਨ ਦੇਂਦੀ। ਸ੍ਰੀ ਸਤਿਗੁਰੂ ਜੀ ਨੇ ਸਿੱਖਾਂ ਨੂੰ ਨਾਲ ਲੈ ਕੇ ਸੰਨ 1965-66 ਵਿਚ ਸੜਕਾਂ ਬਣਾਉਣ ਦਾ ਕੰਮ ਵੀ ਆਰੰਭ ਕਰ ਦਿੱਤਾ। ਛੇਤੀ ਹੀ ਸਾਰੇ ਇਲਾਕੇ ਵਿਚ ਪੱਕੀਆਂ ਸੜਕਾਂ ਦਾ ਜਾਲ ਵਿਛ ਗਿਆ।

ਲੋਕਾਂ ਨੂੰ ਆਪਣੀ ਜਿਨਸ ਵੇਚਣ ਲਈ ਦੂਰ ਸ਼ਹਿਰਾਂ ਵਿਚ ਜਾਣਾ ਪੈਂਦਾ ਸੀ। ਸ੍ਰੀ ਸਤਿਗੁਰੂ ਜੀ ਨੇ ਆਪਣੇ ਸੇਠ-ਸਿੱਖਾਂ ਨੂੰ ਹੁਕਮ ਕਰਕੇ ਇਲਾਕੇ ਵਿਚ

Namdhari Elibrary NamdhariElibrary@gmail.com

ਕਪਾਹ ਮਿੱਲ ਅਤੇ ਰਾਈਸ ਮਿੱਲਾਂ ਲਵਾਈਆਂ । ਦਾਣਾ ਮੰਡੀ ਅਤੇ ਜਨਰਲ ਮਾਰਕੀਟ ਦਾ ਨਿਰਮਾਣ ਕਰਵਾਇਆ । ਇੱਟਾਂ ਦੇ ਭੱਠੇ ਲਵਾਏ ।

ਇਹ ਇਲਾਕਾ ਦਿਨ ਦੂਣੀ ਰਾਤ ਚੌਣੀ ਤਰੱਕੀ ਕਰਦਿਆਂ ਵਿਕਾਸ ਦੇ ਮਾਰਗ ਤੇ ਅੱਗੇ ਵਧ ਰਿਹਾ ਸੀ । ਪਰ ਅਜੇ ਇਲਾਕੇ ਵਿਚ ਆਧੁਨਿਕ ਸੁਖ ਸਹੂਲਤਾਂ ਵਾਲੇ ਘਰਾਂ ਦੀ ਘਾਟ ਸੀ । ਸ੍ਰੀ ਸਤਿਗੁਰੂ ਜੀ ਨੇ ਸੰਨ 1970–71 ਵਿਚ ਮਸਤਾਨਗੜ੍ਹ ਵਿਖੇ ਕ੍ਰੀਬ ਚਾਰ ਏਕੜ ਚਾਰ ਦੀਵਾਰੀ ਵਿਚ ਵਧੀਆ ਲੈਂਡ ਸਕੇਪਿੰਗ ਕਰਵਾਈ ,ਛੋਟੀਆਂ–ਛੋਟੀਆਂ ਪਹਾੜੀਆਂ ,ਉਨਾਂ ਤੇ ਫੁਹਾਰੇ, ਇਕ ਝੀਲ , ਤਰ੍ਹਾਂ ਤਰ੍ਹਾਂ ਦੇ ਰੁੱਖ ,ਫੁੱਲ ਅਤੇ ਹਰੇ ਘਾਹ ਦੇ ਪਾਰਕ ਅਤੇ ਵਿਚਾਲੇ ਸੁੰਦਰ ਕੋਠੀ ਤਿਆਰ ਕਰਵਾਈ । ਇਹ ਇਕ ਆਧੁਨਿਕ ਸੁਖ ਸਹੂਲਤਾਂ ਵਾਲਾ ਨਮੂਨਾ ਘਰ ਤਿਆਰ ਹੋ ਗਿਆ । ਧਾਰਮਿਕ ਆਗੂਆਂ ਨੇ ਮੰਦਿਰ ਅਤੇ ਗੁਰਦੁਆਰੇ ਬਣਾਏ ਪਰ ਲੋਕਾਂ ਵਿਚ ਚੰਗੇ ਘਰ ਬਣਾ ਕੇ ਰਹਿਣ ਦੀ ਰੀਝ ਪੈਦਾ ਕਰਨੀ ਕੇਵਲ ਸਤਿਗੁਰੂ ਜਗਜੀਤ ਸਿੰਘ ਜੀ ਦੇ ਹਿੱਸੇ ਹੀ ਆਈ । ਹੁਣ ਇਲਾਕੇ ਵਿਚ ਅਨੇਕਾਂ ਆਧੁਨਿਕ ਸੁਖ ਸਹੂਲਤਾਂ ਵਾਲੇ ਸੁੰਦਰ ਘਰ ਵੇਖੇ ਜਾ ਸਕਦੇ ਹਨ । ਸ੍ਰੀ ਸਤਿਗੁਰੂ ਜੀ ਨੇ ਕੇਵਲ ਪ੍ਰੇਰਨਾ ਹੀ ਨਹੀਂ ਦਿਤੀ ਸਗੋਂ ਅਨੇਕਾਂ ਗ੍ਰੀਬ ਸਿੱਖਾਂ ਨੂੰ ਪੱਕੇ ਵਧੀਆ ਘਰ ਬਣਾ ਕੇ ਦਿੱਤੇ । ਭਗਵਾਨ ਕ੍ਰਿਸ਼ਨ ਦੀ ਕਥਾ ਹੈ ਕਿ ਉਨਾਂ ਨੇ ਇੱਕ ਸੁਦਾਮੇਂ ਦਾ ਦਲਿੱਦਰ ਕੱਟਕੇ ,ਉਸਦੀ ਗ੍ਰੀਬੀ ਦੂਰ ਕੀਤੀ ਉਸਨੂੰ ਸੁੰਦਰ ਘਰ ਬਣਾ ਕੇ ਦਿੱਤਾ । ਪਰ ਸਾਡੇ ਭਗਵਾਨ (ਸਤਿਗੁਰੂ ਜਗਜੀਤ ਸਿੰਘ ਜੀ) ਦੇ ਸੁਦਾਮੇਂ ਸ਼ਾਇਦ ਗਿਣੇ ਹੀ ਨਾ ਜਾਣ ਜਿਨਾਂ ਦੇ ਆਪਜੀ ਕਰਜੇ ਲਾਹੇ ,ਜਮੀਨਾਂ ਬਖਸ਼ੀਆਂ ,ਕਾਰੋਬਾਰ ਚਲਾਏ ਅਤੇ ਘਰ ਬਣਾ ਕੇ ਦਿੱਤੇ ।

ਸ੍ਰੀ ਸਤਿਗੁਰੂ ਜੀ ਦੀ ਨਿੱਜੀ ਪਹੁੰਚ ਅਤੇ ਅਣਥੱਕ ਮੇਹਨਤ ਸਦਕਾ ਕੁਝ ਵਰ੍ਹਿਆਂ ਵਿਚ ਹੀ ਇਹ ਪਛੜਿਆ ਇਲਾਕਾ ਸਾਰੇ ਹਰਿਆਣੇ ਚੋਂ ਵੱਧ ਉਪਜ ਦੇਣ ਵਾਲਾ ਵਿਕਾਸਸ਼ੀਲ ਅਤੇ ਖੁਸ਼ਹਾਲ ਇਲਾਕਾ ਬਣ ਗਿਆ । ਪਰ ਅਜੇ ਇਸ ਇਲਾਕੇ ਵਿਚ ਪਹਾੜ ਵਾਲੇ ਪਾਸੇ ਕੁਝ ਬਰਾਨੀ ਜਮੀਨ ,ਰੇਤ ਦੇ ਟਿੱਬੇ ਸ੍ਰੀ ਸਤਿਗੁਰੂ ਜੀ ਦੀ ਚਰਨ ਛੁਹ ਤੋਂ ਵਾਂਝੇ ਸਨ । ਏਥੇ ਨਹਿਰੀ ਪਾਣੀ ਨਹੀਂ ਸੀ ਲਗਦਾ ਅਤੇ ਨਾ ਹੀ ਇਨਾਂ ਟਿੱਬਿਆਂ ਤੇ ਬੋਰ ਦਾ ਪਾਣੀ ਪਹੁੰਚ ਸਕਦਾ ਸੀ । ਸਰਕਾਰ ਦੇ ਖੇਤੀ ਵਿਭਾਗ ਨੇ ਸਿਫਾਰਿਸ਼ ਕੀਤੀ ਕਿ ਏਥੇ ਕਿੱਕਰ ਲਗਵਾਉ । ਏਥੇ ਹੋਰ ਕੁਝ ਨਹੀਂ ਹੋ ਸਕਦਾ । ਇਸ ਜਮੀਨ ਦੀ ਸੂਲਾਂ ਤੋ ਂਬਚਾਉਣ ਦੀ ਅਰਦਾਸ ਗੁਰੂ ਚਰਨਾਂ ਵਿਚ ਸੁਣੀ ਗਈ । ਏਥੇ ਹੀ ਇਕ ਟਿੱਬੇ ਵਾਲਾ ਖੂਹ ਹੈ ਜੋ ਸਤਿਗੁਰੂ ਪ੍ਰਤਾਪ

Namdhari Elibrary NamdhariElibrary@gmail com

ਸਿੰਘ ਜੀ ਨੇ ਲਵਾਇਆ ਸੀ ਅਤੇ ਏਥੇ ਸਲਾਨਾ ਨਾਮ ਸਿਮਰਨ ਜੱਪ-ਪ੍ਰਯੋਗ ਕੀਤਾ ਸੀ । ਏਥੇ ਸਵਾ ਸੌ ਏਕੜ ਜਮੀਨ ਗੁਰੂ ਕੇ ਲੰਗਰ ਦੀ ਹੈ । ਸ੍ਰੀ ਸਤਿਗੁਰੂ ਜੀ ਨੇ ਇਲਾਕੇ ਵਿਚੋਂ ਕ੍ਰੀਬ 250 ਟ੍ਰੈਕਟਰ ਇਕੱਠੇ ਕਰਕੇ ਦੋ ਦਿਨਾਂ ਵਿਚ ਹੀ ਸਾਰੇ ਟਿੱਬੇ ਪੱਧਰੇ ਕਰ ਦਿੱਤੇ । ਫੁਹਾਰਾ ਸਿੰਚਾਈ ਅਤੇ ਤੁਪਕਾ-ਸਿੰਚਾਈ ਦਾ ਪ੍ਰਬੰਧ ਕਰਕੇ ਇਸ ਜਮੀਨ ਵਿਚ ਕਿੰਨੂ ,ਅੰਗੂਰ ,ਅਮਰੂਦ ,ਅਨਾਰ ਅਤੇ 15-16 ਕਿਸਮ ਦੇ ਬੇਰਾਂ ਦੇ ਬਾਗ ਲਗਵਾ ਦਿੱਤੇ । ਇਹ ਕ੍ਰਿਸ਼ਮਾਂ ਵੇਖ ਕੇ ਆਸੇ ਪਾਸੇ ਸਭ ਜ਼ਿਮੀਦਾਰਾਂ ਨੇ ਜਮੀਨਾਂ ਪੱਧਰੀਆਂ ਕਰ ਲਈਆਂ । ਕਿਸੇ ਨੇ ਕਿਕਰਾਂ ਨਹੀਂ ਲਾਈਆਂ । ਇਹ ਜਮੀਨ ਜੋ 15-20 ਹਜ਼ਾਰ ਪ੍ਰਤੀ ਏਕੜ ਤੋਂ ਨਹੀਂ ਸੀ ਕੋਈ ਖ੍ਰੀਦਦਾ ,ਦੋ ਲੱਖ ਪ੍ਰਤੀ ਏਕੜ ਹੋ ਗਈ । ਹੁਣ ਏਥੇ ਕੋਈ ਟਿੱਬਾ ਨਹੀਂ ਦਿਸਦਾ ਕੇਵਲ ਵੰਨਗੀ ਮਾਤਰ ਦੋ ਟਿੱਬੇ ਸਾਂਭ ਕੇ ਰੱਖੇ ਹਨ – ਇਕ ਜਿਥੇ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਨਾਮ-ਸਿਮਰਨ ਜੱਪ ਪ੍ਰਯੋਗ ਕੀਤਾ ਸੀ ਅਤੇ ਦੂਸਰਾ 60 ਫੁੱਟ ਉਚੱਾ ਟਿੱਬਾ ਜਿਥੇ ਗਰਮੀਆਂ ਵਿਚ ਰਾਤ ਨੂੰ ਸ੍ਰੀ ਸਤਿਗੁਰੂ ਜੀ ਬੈਠ ਕੇ ਨਾਮ-ਸਿਮਰਨ ਕਰਦੇ ਹਨ । ਇਨਾਂ ਟਿੱਬਿਆਂ ਤੇ ਵੀ ਘਾਹ ਲਾਇਆ ਹੋਇਆ ਹੈ । ਅੱਜ ਕੱਲ ਇਨਾਂ ਹਰੇ ਭਰੇ ਟਿੱਬਿਆਂ ਦੇ ਦੁਆਲੇ ਫੁੱਲਾਂ ਦੀ ਖੇਤੀ ਹੋਂਦੀ ਹੈ । ਇਸ ਜਮੀਨ ਜਿੱਥੇ ਰਾਹੀਆਂ ਦੇ ਪੈਰਾਂ ਚ' ਸੂਲਾਂ ਚੁਭਿਆ ਕਰਨੀਆਂ ਸਨ ਅੱਜ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਚਰਨ-ਛੁਹ ਪਾ ਕੇ ਰੰਗ ਬਿਰੰਗੇ ਫੁੱਲਾਂ ਨਾਲ ਸਜੀ ਸੁੰਦਰ ਸੈਰਗਾਹ ਬਣ ਗਈ ਹੈ ।

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਕੇਵਲ ਜਮੀਨ ਨੂੰ ਹੀ ਨਹੀਂ ਬਣਾਇਆ-ਸਵਾਰਿਆ ਜਾਂ ਕੇਵਲ ਧਾਰਮਿਕ ਅਤੇ ਆਰਥਿਕ ਵਿਕਾਸ ਲਈ ਹੀ ਨਹੀਂ ਯਤਨ ਕੀਤੇ ਸਗੋਂ ਇਸੇ ਦੌਰਾਨ ਹੀ ਸਮਾਜ ਨਿਰਮਾਨ ਵਲ ਵੀ ਆਪ ਜੀ ਨੇ ਨਿਰੰਤਰ ਯਤਨ ਜਾਰੀ ਰੱਖੇ ।

ਸੰਨ 1964-65 ਵਿਚ ਆਪ ਜੀ ਨੇ ਇਕ ਜਥੇਬੰਦੀ 'ਸਰਬ ਹਿੰਦ ਨਾਮਧਾਰੀ ਵਿਦਿਅਕ ਜਥਾ' ਦੀ ਸਥਾਪਨਾ ਕੀਤੀ । ਇਸ ਜਥੇਬੰਦੀ ਦੇ ਉਦੇਸ਼ ਸਨ
– ਪੜ੍ਹੇ ਲਿਖੇ ਨਾਮਧਾਰੀ ਨੌਜੁਆਨਾਂ ਨੂੰ ਇਕ ਮੰਚ ਤੇ ਇਕੱਤ੍ਰ ਕਰਨਾ ।
– ਨੌਜੁਆਨ ਪੀੜੀ ਨੂੰ ਪੱਛਮੀਂ ਸਭਿਆਚਾਰ ਦੇ ਦੁਰ-ਪ੍ਰਭਾਵਾਂ ਤੋਂ ਬਚਾਉਣਾ ।
– ਨੌਜੁਆਨਾਂ ਦੀ ਸਰਬਾਂਗੀ ਸ਼ਖਸ਼ੀਅਤ ਨੂੰ ਤਰਤੀਬਣ ਤੇ ਤਰਾਸ਼ਣ ਲਈ ਅਤੇ ਭਵਿੱਖ ਨੂੰ ਉੱਜਲ ਬਨਾਉਣ ਲਈ ਧਰਮ ਦੇ ਨਾਲ-ਨਾਲ ਸਮੇਂ ਦੇ ਹਾਣ ਦੀ ਸਿਖਿਆ ਦੇਣੀ ।

ਇਸ ਜਥੇਬੰਦਿਆਂ ਦਾ ਹਰ ਸਾਲ ਇਕ ਸੰਮੇਲਨ ਹੁੰਦਾ ਹੈ । ਨਾਮਧਾਰੀ ਨੌਜੁਆਨਾਂ

Namdhari Elibrary NamdhariElibrary@gmail.com

ਨੂੰ ਇਹ ਇਕ ਮੰਚ ਮਿਲ ਗਿਆ – ਇਕੱਠਿਆਂ ਹੋਣ ਦਾ ਆਪਣੀ ਗਲ ਕਰਨ ਦਾ ,ਆਪਸ ਵਿਚ ਮਿਲਨ ਜੁਲਨ ਦਾ ,ਸ਼ੰਕੇ ਨਵਿਰਤ ਕਰਨ ਦਾ ਅਤੇ ਆਪਣੇ ਸਤਿਗੁਰੂ ਨਾਲ ਸਿੱਧਾ ਰਾਬਤਾ ਰਾਬਤਾ ਕਾਇਮ ਕਰਨ ਦਾ ।

ਸੰਨ 1965 ਈ ਸ਼ੁਰੂ ਕੀਤਾ ਸਰਬ ਹਿੰਦ ਨਾਮਧਾਰੀ ਵਿਦਿਅਕ ਜਥਾ ਕੇਵਲ ਨੌਜੁਆਨ ਲੜਕਿਆਂ ਦੀ ਜਥੇਬੰਦੀ ਸੀ ਜੋ ਹੁਣ ਵਿਸ਼ਵ ਨਾਮਧਾਰੀ ਵਿਦਿਅਕ ਜਥੇ ਦੇ ਰੂਪ ਵਿਚ ਸੰਸਾਰ ਭਰ ਵਿਚ ਫੈਲ ਚੁੱਕਾ ਹੈ । ਵਿਸ਼ਵ ਨਾਮਧਾਰੀ ਵਿਦਿਅਕ ਜਥਾ (ਇਸਤਰੀ ਵਿੰਗ) ਵੀ 1981 ਤੋਂ ਸਥਾਪਤ ਹੋ ਚੁੱਕਾ ਹੈ । ਨੌਜੁਆਨ ਬੀਬੀਆਂ ਦਾ ਜਥਾ ਵੀ ਫੈਸ਼ਨ ਪ੍ਰਸਤੀ ਤੋਂ ਬਚਨ ,ਦਾਜ ਦਹੇਜ ਨਾ ਲੈਣ ਦੇਣ , ਧਰਮ ਵਿਚ ਪਰਪੱਕ ਰਹਿਣ ਅਤੇ ਵਿਰਸੇ ਨੂੰ ਸੰਭਾਲਣ ਦੇ ਸਫਲ ਯਤਨ ਕਰ ਰਿਹਾ ਹੈ ।

ਸੰਮੇਲਨ ਦੌਰਾਨ ਨੌਜੁਆਨ ਸ੍ਰੀ ਸਤਿਗੁਰੂ ਜੀ ਦੇ ਨਾਲ ਰਹਿੰਦੇ ਹਨ । ਆਪ ਜੀ ਉਹਨਾਂ ਨਾਲ ਹਾਸ-ਵਿਆਸ ਕਰਦੇ ,ਪਿਆਰਦੇ ਤੇ ਦੁਲਾਰਦੇ ਹਨ । ਜਿਸ ਖੇਤਰ ਵਿਚ ਕੋਈ ਰੁੱਚੀ ਰਖਦਾ ਹੋਵੇ ਜਾਂ ਯੋਗ ਹੋਵੇ , ਉਸਨੂੰ ਹੋਰ ਤਰੱਕੀ ਕਰਨ ਲਈ ਉਤਸ਼ਾਹਿਤ ਕਰਦੇ ਅਤੇ ਉਸਦਾ ਮਾਰਗ ਦਰਸ਼ਨ ਕਰਦੇ ਹਨ ।

ਸ੍ਰੀ ਸਤਿਗੁਰੂ ਜੀ ਦੀ ਅਪੱਣਤ ,ਸਨੇਹ ਅਤੇ ਸੁਯੋਗ ਅਗਵਾਈ ਨੇ ਨੌਜੁਆਨਾਂ ਵਿਚ ਅਜੇਹੀ ਸਮਰਪਣ ਭਾਵਨਾਂ ਪੈਦਾ ਕਰ ਦਿਤੀ ਹੈ ਕਿ ਹਰ ਨੌਜੁਆਨ ਦੇ ਮਨ ਵਿਚ ਕੁਝ ਵਿਸ਼ੇਸ਼ ਅਤੇ ਚੰਗਾ ਕਰਕੇ ਆਪਣੇ ਸਤਿਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰਨ ਦਾ ਚਾਅ ਪੈਦਾ ਹੋ ਗਿਆ ਹੈ ।

ਆਪਣੇ ਸਤਿਗੁਰੂ ਪ੍ਰਤੀ ਸਮਰਪਣ ਅਤੇ ਥਾਪੜਾ ਪ੍ਰਾਪਤ ਕਰਨ ਦੇ ਚਾਅ ਸਦਕਾ ਹੀ ਨਾਮਧਾਰੀ ਨੌਜੁਆਨਾਂ ਨੇ ਬਹੁਤ ਵੱਡੀਆਂ ਮੱਲਾਂ ਮਾਰੀਆਂ ਹਨ । ਵਿਦਿਅਕ ਜਥੇ ਦੇ ਨੌਜੁਆਨਾਂ ਵਿਚੋਂ ਹੀ ਹਨ ਸ ਹਰਵਿੰਦਰ ਸਿੰਘ ਹੰਸਪਾਲ ਅਤੇ ਸ ਇੰਦਰ ਸਿੰਘ ਵਰਗੇ ਸਫਲ ਸਿਆਸਤਦਾਨ । ਹੰਸਪਾਲ ਜੀ ਬਾਰਾਂ ਸਾਲ ਮੈਂਬਰ ਪਾਰਲੀਮੈਂਟ ਰਹੇ ਅਤੇ ਯੂ ਐਨ ਓ ਤੱਕ ਸਿੱਖੀ ਸਰੂਪ ਵਿਚ ਇਕ ਡੈਲੀਗੇਸ਼ਨ ਦੀ ਅਗਵਾਈ ਵੀ ਕਰ ਆਏ । ਸ ਇੰਦਰ ਸਿੰਘ ਬਿਹਾਰ ਵਿਚ ਮਿਨਿਸਟਰ ਰਹੇ ਅਤੇ ਪਾਰਟੀ ਦੀ ਪ੍ਰਧਾਨਗੀ ਕੀਤੀ । ਮਾਸਟਰ ਅਮਰੀਕ ਸਿੰਘ, ਪ੍ਰੋ ਤਾਰਾ ਸਿੰਘ ਅਨਜਾਣ ,ਸ ਸਵਰਨ ਸਿੰਘ ਸਨੇਹੀ ,ਪ੍ਰਿੰ: ਅਜੀਤ ਸਿੰਘ ਚੀਮਾਂ ,ਸ ਕਰਤਾਰ ਸਿੰਘ ਪੰਛੀ ,ਹਰਜਿੰਦਰ ਸਿੰਘ ਕੰਵਲ ,ਸੂਬਾ ਸੁਰਿੰਦਰ ਕੌਰ ਖਰਲ ਅਤੇ ਸੁਖਜੀਤ ਕਹਾਣੀਕਾਰ ਵਰਗੇ ਸਾਹਿਤਕਾਰ । ਸ ਨਰਿੰਦਰ ਸਿੰਘ ਸ ਦਲੀਪ ਸਿੰਘ ,ਸ ਜਗਦੀਸ਼ ਸਿੰਘ

Namdhari Elibrary NamdhariElibrary@gmail.com

ਵਰਿਆਮ ਵਰਗੇ ਪੱਤਰਕਾਰ । ਖੋਜ ਦੇ ਖੇਤਰ ਵਿਚ ਸ.ਸੁਰਜੀਤ ਸਿੰਘ ਜੀਤ ਅਤੇ ਸ.ਜਸਵਿੰਦਰ ਹਿਸਟੋਰੀਅਨ ਵੀ ਵਰਨਣ ਯੋਗ ਹਨ । ਇਸੇ ਤਰ੍ਹਾਂ ਹੋਰ ਖੇਤਰਾਂ ਵਿਚ ਵੀ ਪ੍ਰੋਫੈਸਰ ,ਵਕੀਲ ,ਡਾਕਟਰ ਅਤੇ ਇੰਜੀਨੀਅਰ ਆਦਿ ਵੀ ਅਨੇਕਾਂ ਹਨ । ਸ .ਸੁਰਿੰਦਰ ਸਿੰਘ ਲਾਇਲ ਵਰਗੇ ਸਿਰੜੀ-ਵਰਕਰ ,ਉਸਤਾਦ ਹਰਭਜਨ ਸਿੰਘ ,ਗੁਰਦੇਵ ਸਿੰਘ ਸਰੋਦ ,ਸੁਖਵਿੰਦਰ ਸਿੰਘ ਪਿੰਕੀ ਅਤੇ ਬਲਵੰਤ ਸਿੰਘ ਵਰਗੇ ਸੰਗੀਤਕਾਰ । ਸਰਵ ਸ੍ਰੀ ਹਰਬੰਸ ਸਿੰਘ ਘੁਲਾ ,ਸ਼ੇਰ ਸਿੰਘ ਮੋਹਨ ਸਿੰਘ , ਸੁਖਦੇਵ ਸਿੰਘ ,ਬਲਜੀਤ ਸਿੰਘ ,ਗੁਰਮੀਤ ਸਿੰਘ ਵਰਗੇ ਕੀਰਤਨੀਏ । ਕੇਵਲ ਦੋ ਪਿੰਡਾਂ ਦੇ ਲੜਕੇ ਲੈ ਕੇ ਬਣਾਈ ਨਾਮਧਾਰੀ ਹਾਕੀ ਟੀਮ ਤੇ ਅੰਤਰ ਰਾਸ਼ਟਰੀ ਪੱਧਰ ਤੱਕ ਪ੍ਰਸਿੱਧੀ ਪ੍ਰਾਪਤ ਕਰ ਚੱਕੀ ਹੈ । ਠਾਕੁਰ ਉਦੇ ਸਿੰਘ ਵਰਗੇ ਵਿਗਿਆਨਿਕ ਕਿਰਤੀ ਜਿਨਾਂ ਨੇ ਸ੍ਰੀ ਸਤਿਗੁਰੂ ਜੀ ਵਿਸ਼ੇਸ਼ ਬਖਸ਼ਿਸ਼ ਸਦਕਾ ਬੀਜ ਉਤਪਾਦਨ ਵਿਚ 'ਨਾਮਧਾਰੀ ਸੀਡਜ਼' ਦੀ ਅੰਤਰ ਰਾਸ਼ਟਰੀ ਪੱਧਰ ਤੱਕ ਪਛਾਣ ਕਾਇਮ ਕਰ ਲਈ ਹੈ ।

ਅੱਜ ਦਾ ਨੌਜੁਆਨ ਵਰਗ ਭਟਕ ਚੁੱਕਾ ਹੈ ਉਸਨੂੰ ਸਮਝ ਨਹੀਂ ਆ ਰਹੀ ਕਿ ਉਹ ਕਿਸ ਧਾਰਮਿਕ ਆਗੂ ਜਾਂ ਰਾਜਨੇਤਾ ਤੇ ਪੂਰਾ ਵਿਸ਼ਵਾਸ ਕਰਕੇ ਆਪਣੇ ਅਤੇ ਸਮਾਜ ਦੇ ਭਵਿੱਖ ਨੂੰ ਸੁਰੱਖਿਅਤ ਸਮਝ ਸੱਕੇ । ਪਰ ਨਾਮਧਾਰੀ ਨੌਜੁਆਨ ਇਸ ਪੱਖੋਂ ਵਡਭਾਗੇ ਹਨ ਕਿ ਉਹ ਪੂਰੀ ਆਸਥਾ ਅਤੇ ਵਿਸ਼ਵਾਸ ਨਾਲ ਆਪਣੀਆਂ ਵਾਗਾਂ ਆਪਣੇ ਸਤਿਗੁਰੂ ਨੂੰ ਸੌਂਪ ਕੇ ਹਰ ਅਗਾਂਹ ਵਧੂ ਖੇਤਰ ਵਿਚ ਆਪਣੀ ਮਾਣਯੋਗ ਪਛਾਣ ਬਣਾ ਰਹੇ ਹਨ ।

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦਾ ਸੁਭਾਅ ਰਚਨਾਤਮਕ ਅਤੇ ਵਿਕਾਸ ਮੁਖੀ ਹੈ । 16 ਅਕਤੂਬਰ 2000 ਨੂੰ ਸ੍ਰੀ ਭੈਣੀ ਸਾਹਿਬ ਵਿਖੇ ਕਵੀ ਪ੍ਰੀਤਮ ਸਿੰਘ ਸਨਮਾਨ ਸਮਾਰੋਹ ਸਮੇਂ ਭਾਸ਼ਨ ਦੇਦਿਆਂ ਪੰਜਾਬੀ ਜਗਤ ਦੇ ਪ੍ਰਸਿਧ ਵਿਦਵਾਨ ਪ੍ਰੋ .ਪ੍ਰੀਤਮ ਸਿੰਘ ਨੇ ਕਿਹਾ – "ਮੈਨੂੰ ਇਸ ਗਲ ਦੀ ਖੁਸ਼ੀ ਹੈ ਕਿ ਸਤਿਗੁਰੂ ਜਗਜੀਤ ਸਿੰਘ ਜੀ ਨੇ ਕੇਵਲ ਆਪਣਿਆਂ ਵਿਦਵਾਨਾਂ ਨੂੰ ਹੀ ਨਹੀਂ ਸਾਂਭਿਆ ਸਗੋਂ ਪੰਜਾਬੀ ਜਗਤ ਦੇ ਸ਼੍ਰੋਮਣੀ ਸਾਹਿਤਕਾਰਾਂ ਨੂੰ ਸੰਭਾਲਿਆ ਹੈ ।" ਆਪ ਜੀ ਨੇ ਵਿਕਾਸ ਦੇ ਖੇਤਰ ਕੇਵਲ ਨਾਮਧਾਰੀ-ਸਿੱਖਾਂ ਨੂੰ ਹੀ ਸਹਿਯੋਗ ਨਹੀਂ ਦਿਤਾ ਸਗੋਂ ਕਿਸੇ ਵੀ ਖੇਤਰ ਵਿਚ ਕੁਝ ਵਿਸ਼ੇਸ਼ ਕਰ ਸੱਕਣ ਦੀ ਯੋਗਤਾ ਰੱਖਣ ਵਾਲੇ ਵਿਅਕਤੀ ਨੂੰ ਹਰ ਤਰਾਂ ਦਾ ਸਹਿਯੋਗ ਦਿਤਾ ,ਮਾਰਗ ਦਰਸ਼ਨ ਕੀਤਾ ਅਤੇ ਮੰਜਿਲ ਦੇ ਸਿਖਰ ਤੇ ਪੁਚਾਇਆ ।

Namdhari Elibrary NamdhariElibrary@gmail.com

ਭਾਵੇਂ ਪੰਡਿਤ ਰਾਜਨ ਸਾਜਨ ਮਿਸ਼ਰਾ ਹੋਣ ,ਡਾ.ਮੁਸੱਰਫ ਅਲੀ ਹੋਵੇ ਜਾਂ ਮਲੇਰ ਕੋਟਲੇ ਦਾ ਸਬਜੀਆਂ ਉਗਾਉਣ ਵਾਲਾ ਮੁਸਲਮਾਨ ਹੋਵੇ ਅਤੇ ਭਾਵੇਂ ਬਾਗੜ ਇਲਾਕੇ ਦਾ ਸੰਸਕ੍ਰਿਤ ਅਤੇ ਫਿਲਾਸਫੀ ਪੜਨ ਦਾ ਸ਼ੌਂਕ ਰੱਖਣ ਵਾਲਾ ਇਕ ਗ਼ਰੀਬ ਘਰ ਦਾ ਲੜਕਾ ਰਮੇਸ਼ਵਰ ਹੋਵੇ ,ਅਜੇਹੇ ਅਨੇਕਾਂ ਹੀ ਹਨ । ਪੰ.ਰਾਜਨ ਸਾਜਨ ਮਿਸ਼ਰਾ ਸਾਧਾਰਨ ਕਲਰਕ ਦੀ ਨੌਕਰੀ ਕਰਦੇ ਸਨ , ਗਾਇਨ-ਵਾਦਨ ਵਾਲੇ ਘਰਾਨੇ ਚੋਂ ਹੋਣ ਕਰਕੇ ਕੁਝ ਗਾਉਂਦੇ ਵੀ ਸਨ । ਸ੍ਰੀ ਸਤਿਗੁਰੂ ਜੀ ਨੇ ਜਦ ਪਹਿਲੀ ਵੇਰ ਹੀ ਸੁਣਿਆ ਅਤੇ ਹੁਕਮ ਕੀਤਾ ਕਿ ਨੌਕਰੀ ਛਡ ਦਿਉ । ਤਨਖਾਹ ਨਾਲੋਂ ਵੱਧ ਪੈਸੇ ਮੇਰੇ ਤੋਂ ਲਵੋ ਅਤੇ ਅਭਿਆਸ ਕਰੋ । ਏਸੇ ਤਰ੍ਹਾਂ ਹੀ ਹੋਇਆ ਅੱਜ ਇਹ ਮਿਸ਼ਰਾ ਭਰਾਵਾਂ ਦੀ ਜੋੜੀ ਗਾਇਨ ਦੇ ਖੇਤਰ ਵਿਚ ਵਿਸ਼ਵ ਪ੍ਰਸਿਧ ਹੈ । ਪੰ.ਰਾਜਨ ਸਾਜਨ ਮਿਸ਼ਰਾ ਕਿਹਾ ਕਰਦੇ ਹਨ "ਅਸੀਂ ਕਦੇ ਸੋਚਿਆ ਵੀ ਨਹੀਂ ਸੀ ਕਿ ਸਾਨੂੰ ਏਨੀ ਪ੍ਰਸਿਧੀ ਪ੍ਰਾਪਤ ਹੋਵੇਗੀ । ਅੱਜ ਅਸੀਂ ਜੋ ਵੀ ਹਾਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਨਿਵਾਜਿਸ਼ ਸਦਕਾ ਹੀ ਹਾਂ ।"

ਇਸੇ ਤਰ੍ਹਾਂ ਡਾ.ਮੁਸੱਰਫ ਅਲੀ (ਡਾ.ਮੂਸਾ) ਦਿੱਲੀ ਇਕ ਛੋਟੇ ਜਹੇ ਕਲੀਨਿਕ ਵਿਚ ਕੰਮ ਕਰਦਾ ਸੀ । ਸ੍ਰੀ ਸਤਿਗੁਰੂ ਜੀ ਦੇ ਸੰਪਰਕ ਵਿਚ ਆਇਆ । ਆਪ ਜੀ ਨੇ ਡਾ.ਮੂਸਾ ਦੀ ਤੀਖਣ ਬੁੱਧੀ ਨੂੰ ਵੇਖ ਕੇ ਹੋਰ ਅਭਿਆਸ ਲਈ ਪ੍ਰੇਰਿਆ , ਸਹਿਯੋਗ ਦਿਤਾ । ਇਲਾਜ ਲਈ ਅਸਾਧ ਰੋਗਾਂ ਦੇ ਮਰੀਜ ਭੇਜੇ ,ਠੀਕ ਹੋਏ । ਛੇਤੀ ਹੀ ਡਾ.ਮੂਸਾ ਦਿੱਲੀ ਵਿਚ ਪ੍ਰਸਿਧ ਹੋ ਗਿਆ ਅੱਜ ਇਸਦਾ ਲੰਡਨ (ਇੰਗਲੈਂਡ) ਦੇ ਸੈਂਟਰ ਵਿਚ ਬਹੁਤ ਵੱਡਾ ਕਲੀਨਿਕ ਹੈ । ਸ਼ਾਹੀ ਪ੍ਰਵਾਰ ਦਾ ਇਲਾਜ ਵੀ ਕਰਦਾ ਹੈ । ਡਾ.ਮੂਸਾ ਨੇ ਲੰਡਨ ਵਿਚ ਪ੍ਰੈਸ ਕਾਨਫਰੰਸ ਵਿਚ ਬੋਲਦਿਆਂ ਕਿਹਾ -"ਮੈਨੂੰ ਜਿੰਨੀ ਵੀ ਸਫਲਤਾ ਮਿਲੀ ਹੈ, ਅਸਾਧ ਰੋਗੀਆਂ ਨੂੰ ਠੀਕ ਕਰਨ ਦੀ ,ਮੇਰੀ ਅਕਲ ਤੋਂ ਵੱਧ ਸੱਚੇਪਾਤਸ਼ਾਹ ਜੀ ਦੀ ਦੈਵੀ ਮੇਹਰ-ਨਦਰਿ ਦਾ ਕ੍ਰਿਸ਼ਮਾਂ ਹੈ । ਜੇ ਸੱਚੇਪਾਤਸ਼ਾਹ ਮੇਰੇ ਤੇ ਬਖਸ਼ਿਸ਼ ਨਾ ਕਰਦੇ ਤਾਂ ਮੈਂ ਦਿੱਲੀ ਵਿਚ ਹੀ ਛੋਟੇ ਜਿਹੇ ਕਲੀਨਿਕ ਵਿਚ ਹੁੰਦਾ ।"

ਸ੍ਰੀ ਸਤਿਗੁਰੂ ਜੀ ਨੇ ਕੇਵਲ ਵਿਰਸੇ ਨੂੰ ਸੰਭਾਲਨ ਅਤੇ ਵਿਕਾਸ ਕਾਰਜਾਂ ਵਿਚ ਹੀ ਨਹੀਂ ਯਤਨ ਕੀਤੇ ਸਗੋਂ ਵਿਰਸੇ ਨੂੰ ਸੰਭਾਲਨ ਵਾਲਿਆਂ ਦੇ ਬੁਢਾਪੇ ਨੂੰ ਵੀ ਸਾਂਭਿਆ । ਜਿਨ੍ਹਾਂ ਮਹਾਂ-ਪੁਰਸ਼ਾਂ ਨੇ ਆਪਣੇ ਦੇਸ਼-ਕੌਮ ਪ੍ਰਤੀ ,ਆਪਣੇ ਵਿਰਸੇ ਪ੍ਰਤੀ ਆਪਣਾ ਜੀਵਨ ਲਗਾ ਦਿਤਾ । ਜਿਵੇਂ ਪ੍ਰਸਿਧ ਸੁਤੰਤਰਤਾ ਸੰਗ੍ਰਾਮੀ ਅਤੇ ਇਤਿਹਾਸਕਾਰ ਪੰਡਤ ਸੁੰਦਰ ਲਾਲ ,ਗਦਰ ਪਾਰਟੀ ਦੇ ਪ੍ਰਸਿਧ ਆਗੂ ਬਾਬਾ ਸੋਹਣ

ਸਿੰਘ ਭਕਨਾ ,ਸ਼ਹੀਦ ਭਗਤ ਸਿੰਘ ਦਾ ਭਰਾ ਸ੍ਰ.ਰਾਜਿੰਦਰ ਸਿੰਘ ,ਖੇਡ ਮੁਕਾਬਲਿਆਂ ਵਿਚ ਤਗਮੇਂ ਜਿੱਤ ਕੇ ਭਾਰਤ ਦਾ ਨਾਂ ਉੱਚਾ ਕਰਨ ਵਾਲਾ ਸ.ਗੁਲਾਬ ਸਿੰਘ ਅਥਲੀਟ ,ਪੰਜਾਬੀ ਸਾਹਿਤ ਦੇ ਬਾਬਾ ਬੋਹੜ ਸੰਤ ਸਿੰਘ ਸੇਖੋਂ ,ਕਾਮਰੇਟ ਸੁਰਜੀਤ ਖੁਰਸ਼ੀਦੀ ਆਦਿ ਅਨੇਕਾਂ ਹੀ ਹਨ ਜਿਨਾਂ ਦੇ ਬੁਢਾਪੇ ਨੂੰ ਨਿਸ਼ਚਿੰਤ ਕੀਤਾ – ਸਤਿਗੁਰੂ ਜਗਜੀਤ ਸਿੰਘ ਜੀ ਨੇ ।

ਸ੍ਰੀ ਸਤਿਗੁਰੂ ਜੀ ਦੀ ਛਤਰ ਛਾਇਆ ਹੇਠ ਹੋ ਰਹੇ ਅਨੇਕਾਂ ਵਿਕਾਸ ਕਾਰਜਾਂ ਵਿਚੋਂ ਇਕ ਮਹੱਤਵ–ਪੂਰਨ ਕਾਰਜ ਹੈ – ਵਿੱਦਿਅਕ ਅਦਾਰਿਆਂ ਦੀ ਸਥਾਪਨਾ ।

ਅੰਗ੍ਰੇਜ਼ ਰਾਜ ਵੇਲੇ ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮ ਅਨੁਸਾਰ ਨਾਮਧਾਰੀ ਸਿੱਖਾਂ ਨੇ ਵਿਦੇਸ਼ੀ ਹਾਕਮਾਂ ਦੀ ਬਣੀ ਹਰ ਵਸਤੂ ਦੇ ਬਾਈਕਾਟ ਦੇ ਨਾਲ–ਨਾਲ ਕਚਿਹਰੀਆਂ ਰੇਲ ,ਡਾਕ–ਤਾਰ ਅਤੇ ਵਿਦਿਅਕ ਅਦਾਰਿਆਂ ਦਾ ਵੀ ਪੂਰਨ ਬਾਈਕਾਟ ਕੀਤਾ ਜਿਸ ਕਰਕੇ ਨਾਮਧਾਰੀ ਸਮਾਜ ਵਿਚ ਸਕੂਲੀ ਸਿੱਖਿਆ ਦੀ ਘਾਟ ਰਹਿ ਗਈ । ਦੇਸ਼ ਆਜ਼ਾਦ ਹੁੰਦਿਆਂ ਹੀ ਇਸ ਘਾਟ ਨੂੰ ਪੂਰਨ ਲਈ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਸਰਕਾਰੀ ਸਕੂਲਾਂ ਵਿਚ ਪੜ੍ਹਨ ਦੀ ਇਜਾਜ਼ਤ ਦਿੱਤੀ ਅਤੇ ਸਤਿਗੁਰੂ ਹਰੀ ਸਿੰਘ ਮਹਾਂ ਵਿਦਿਆਲੇ ਦੀ ਸਥਾਪਨਾ ਕੀਤੀ–ਇਸ ਕਾਰਜ ਨੂੰ ਅੱਗੇ ਤੋਰਦਿਆਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਸਤਿਗੁਰੂ ਹਰੀ ਸਿੰਘ ਕਾਲਜ ਬਣਾਇਆ । ਸੰਤ ਨਗਰ ਵਿਖੇ ਅੱਟਲ ਪ੍ਰਤਾਪੀ ਕੰਨਿਆਂ ਮਹਾਂ ਵਿਦਿਆਲਾ ,ਦਿੱਲੀ ਵਿਖੇ ਸ਼ਹੀਦ ਬਿਸ਼ਨ ਸਿੰਘ ਮੈਮੋਰੀਅਲ ਹਾਇਰ ਸੈਕੰਡਰੀ ਸਕੂਲ ,ਸ੍ਰੀ ਭੈਣੀ ਸਾਹਿਬ ਵਿਖੇ ਸਤਿਗੁਰੂ ਪ੍ਰਤਾਪ ਸਿੰਘ ਅਕੈਡਮੀਂ ,ਮੰਡੀ (ਹਿਮਾਚਲ) ਅਤੇ ਸਿਰਸਾ (ਹਰਿਆਣਾ) ਵਿਖੇ ਵੀ ਨਾਮਧਾਰੀ ਵਿਦਿਆਲੇ ਚਲ ਰਹੇ ਹਨ । ਬੈਂਕੋਕ (ਥਾਈਲੈਂਡ) ਵਿਖੇ ਇੰਟਰਨੈਸ਼ਨਲ ਸਕੂਲ ਚਲ ਰਿਹਾ ਹੈ ਜਿਸ ਵਿਚ ਕ੍ਰੀਬ ਤੇਰ੍ਹਾਂ ਦੇਸ਼ਾਂ ਦੇ ਵਿਦਿਆਰਥੀ ਪੜ੍ਹਦੇ ਹਨ ਉਨਾਂ ਨੂੰ ਬਾਕੀ ਵਿਸ਼ਿਆਂ ਦੇ ਨਾਲ ਇਕ ਚੋਣਵਾਂ ਵਿਸ਼ਾ ਪੰਜਾਬੀ ਵੀ ਪੜ੍ਹਾਇਆ ਜਾਂਦਾ ਹੈ ।

ਆਪਜੀ ਨੇ ਮਾਂ ਬੋਲੀ ਪੰਜਾਬੀ ਦੇ ਵਿਕਾਸ ਲਈ ਅਨੇਕਾਂ ਸਫ਼ਲ ਯਤਨ ਕੀਤੇ ਹਨ । ਵਿਦੇਸ਼ਾਂ ਵਿਚ ਵੱਸਦੇ ਹਰ ਉਮਰ ਦੇ ਨਾਮਧਾਰੀ ਸਿੱਖਾਂ ਨੂੰ ਪੰਜਾਬੀ ਪੜਾਉਣ ਲਈ ਆਪਜੀ ਅਧਿਆਪਕ ਭੇਜਦੇ ਹਨ । ਅਮਰੀਕਨ ਸਿੱਖਾਂ ਨੂੰ ਪੰਜਾਬੀ ਪੜਾਉਣ ਲਈ ਆਪਜੀ ਕੁਝ ਵਿਦਵਾਨ ਅਮਰੀਕਾ ਭੇਜ ਰਹੇ ਹਨ । ਆਪਜੀ ਵਿਸ਼ਵ ਪੰਜਾਬੀ ਕਾਨਫਰੰਸਾਂ ਦੀ ਸਰਪ੍ਰਸਤੀ ਕਰਦੇ ਹਨ ਅਤੇ ਭਾਗ ਲੈਂਦੇ ਹਨ ।

Namdhari Elibrary NamdhariElibrary@gmail.com

ਪੰਜਾਬੀ ਦੇ ਪ੍ਰਚਾਰ ਅਤੇ ਪ੍ਰਸਾਰ ਲਈ ਯਤਨਸ਼ੀਲ ਜਥੇਬੰਦੀਆਂ ਨੂੰ ਆਪਜੀ ਹਰ ਤਰ੍ਹਾਂ ਦਾ ਸਹਿਯੋਗ ਦੇਂਦੇ ਹਨ ।

ਆਪ ਜੀ ਨੇ ਪੂਰਵ ਸਤਿਗੁਰੂ ਸਾਹਿਬਾਨ ਦਾ ਨਾਮ ਸੰਸਾਰ ਭਰ ਵਿਚ ਰੌਸ਼ਨ ਕਰਨ ਲਈ ਕਈ ਸ਼ਤਾਬਦੀਆਂ ਮਨਾਈਆਂ । ਸੰਨ 1969 ਈ. ਵਿਚ ਪੰਜ ਸੌ ਸਾਲਾ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਪੁਰਬ ,1963 ਈ. ਵਿਚ ਅਨੰਦ ਕਾਰਜ ਸ਼ਤਾਬਦੀ ,1872 ਵਿਚ ਸਤਿਗੁਰੂ ਰਾਮ ਸਿੰਘ ਪ੍ਰਦੇਸ਼ ਗਵਨ ਸ਼ਤਾਬਦੀ ,1989–90 ਈ. ਵਿਚ ਸਤਿਗੁਰੂ ਪ੍ਰਤਾਪ ਸਿੰਘ ਅਵਤਾਰ ਸ਼ਤਾਬਦੀ ਅਤੇ 1999 ਈ. ਵਿਚ ਤਿੰਨ ਸੌ ਖਾਲਸਾ ਸਾਜਨਾ ਵਰ੍ਹਾ ਬੜੀ ਧੂਮ ਧਾਮ ਨਾਲ ਮਨਾਇਆ ਗਿਆ । ਇਨਾਂ ਸਮਾਗਮਾਂ ਨਾਲ ਸਬੰਧਿਤ ਸੈਮੀਨਾਰ ਕਰਵਾਏ । ਸ਼ਤਾਬਦੀਆਂ ਨਾਲ ਸਬੰਧਿਤ ਬਹੁਤ ਸਾਹਿਤ ਛਪਵਾਕੇ ਇਤਿਹਾਸ ਨੂੰ ਉਜਾਗਰ ਕੀਤਾ । ਸਤਿਗੁਰੂ ਸਾਹਿਬਾਨ ਦੇ ਉਪਦੇਸ਼ਾਂ ਨੂੰ ਪ੍ਰਚਾਰਿਆ ਅਤੇ ਪ੍ਰਸਾਰਿਆ ।

ਇਸ ਤੋਂ ਬਿਨਾਂ ਸਤਿਗੁਰੂ ਰਾਮ ਸਿੰਘ ਜੀ ਦੀ ਫਿਲਾਸਫੀ ਨੂੰ ਪ੍ਰਚਾਰਨ ਲਈ ਆਪਜੀ ਨੇ ਬਨਾਰਸ ਵਿਖੇ ਸੰਪੂਰਨਾਨੰਦ ਸੰਸਕ੍ਰਿਤ ਯੂਨੀਵਰਸਿਟੀ ਵਿਚ ਅਤੇ ਅੰਮ੍ਰਿਤਸਰ ਵਿਖੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿਚ 'ਸਤਿਗੁਰੂ ਰਾਮ ਸਿੰਘ ਚੇਅਰ' ਸਥਾਪਿਤ ਕੀਤੀਆਂ ।

ਨਵ–ਉਸਾਰੀ ਦੇ ਖੇਤਰ ਵਿਚ ਆਪਜੀ ਨੇ ਸੁਤੰਤਰਤਾ ਸੰਗ੍ਰਾਮ ਦੀ ਜਨਮ ਭੂਮੀ ਸ੍ਰੀ ਭੈਣੀ ਸਾਹਿਬ ਨੂੰ ਨਵਾਂ ਰੂਪ ਦਿਤਾ ਹੈ । ਏਥੇ ਬਿਨਾਂ ਥੰਮਾਂ ਤੋਂ ਏਸ਼ੀਆ ਦਾ ਪਹਿਲਾ ਵੱਡਾ ਹਾਲ ਅਤੇ ਬਿਨਾਂ ਬਾਹਰੋਂ ਪਾਣੀ ਲਿਆ ਤੋਂ ਰਾਮ ਸਰੋਵਰ ਨੂੰ ਆਪਣੀ ਹੀ ਕਿਸਮ ਦਾ ਨਿਵੇਕਲਾ ਰੂਪ ਦੇ ਕੇ – ਦੋ ਅਜੂਬੇ ਬਣਾ ਦਿੱਤੇ ਹਨ । 66 ਸ਼ਹੀਦਾਂ ਦੀ ਯਾਦ ਵਿਚ ਨਾਮਧਾਰੀ ਸ਼ਹੀਦੀ ਸਮਾਰਕ–ਮਲੇਰ ਕੋਟਲਾ ਵਿਖੇ ਬਣਿਆ 66 ਫੁੱਟ ਉਚੱਾ ਖੰਡਾ ਵੀ ਸਿੱਖ ਜਗਤ ਵਿਚ ਬਣਿਆ ਇਸ ਕਿਸਮ ਦਾ ਪਹਿਲਾ ਨਿਸ਼ਾਨ ਹੈ । ਇਸਦੇ ਨਾਲ ਨਾਲ ਸਤਿਗੁਰੂ ਰਾਮ ਸਿੰਘ ਦੀ ਦਾ ਅਵਤਾਰ ਸਥਾਨ ਰਾਈਆਂ ,ਸ਼ਹੀਦੀ ਸਮਾਰਕ ਲੁਧਿਆਣਾ ਅਤੇ ਸ਼ਹੀਦੀ ਸਮਾਰਕ ਅੰਮ੍ਰਿਤਸਰ ਵੀ ਬਣ ਚੁੱਕੇ ਹਨ ,ਹੁਣ ਇਕ ਹੋਰ ਬਹੁਤ ਵੱਡਾ ਕਾਰਜ– ਸਤਿਗੁਰੂ ਪ੍ਰਤਾਪ ਸਿੰਘ ਅਪੋਲੋ ਹਸਪਤਾਲ ਬਣ ਰਿਹਾ ਹੈ । ਲੁਧਿਆਣਾ ਵਿਖੇ ਇਸ ਆਧੁਨਿਕ ਤਕਨੀਕ ਵਾਲੇ 300 ਬੈਡੱ ਦੇ ਹਸਪਤਾਲ ਦਾ ਨੀਂਹ ਪੱਥਰ ਸਤਿਗੁਰੂ ਜਗਜੀਤ ਸਿੰਘ ਜੀ ਨੇ 28 ਅਕਤੂਬਰ 2000 ਈ. ਨੂੰ ਆਪਣੇ ਕਰ–ਕਵਲਾਂ ਨਾਲ ਰੱਖਿਆ ।

Namdhari Elibrary NamdhariElibrary@gmail.com

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਵਿਸ਼ਵ ਪੱਧਰੀ ਸਮਾਗਮਾਂ ਵਿਚ ਭਾਗ ਲੈ ਕੇ ਦੇਸ਼ਾਂ–ਦੇਸ਼ਾਂਤਰਾਂ ਵਿਚ ਸਿੱਖ ਧਰਮ ਦੀ ਮਾਣ ਯੋਗ ਪਛਾਣ ਬਣਾਈ ਹੈ। ਸੰਨ 1961 ਈ. ਵਿਚ ਵਿਦੇਸ਼ ਦੌਰੇ ਸਮੇਂ ਆਪਜੀ ਜਾਪਾਨ ਗਏ। ਉਥੇ ਬੁੱਧ ਧਰਮ ਦੀ ਇਕ ਬਹੁਤ ਵੱਡੀ ਯੂਨੀਵਰਸਿਟੀ ਹੈ। ਜਿਥੇ ਹੋਰ ਕਈ ਯੂਨੀਵਰਸਿਟੀਆਂ ਦੇ ਵਿਦਿਆਰਥੀ ਆ ਕੇ ਬੁੱਧ ਧਰਮ ਦੀ ਸਿਖਿਆ ਪ੍ਰਾਪਤ ਕਰਦੇ ਹਨ। ਯੂਨੀਵਰਸਿਟੀ ਦੇ ਧਰਮ ਅਧਿਐਨ ਸਮਾਗਮ ਵਿਚ ਆਪਜੀ ਨੇ ਦਰਸ਼ਨ ਦਿੱਤੇ। ਆਪਜੀ ਦੇ ਨਾਲ ਡਾ. ਗੁਪਾਲ ਸਿੰਘ ਅਤੇ ਰਘਬੀਰ ਸਿੰਘ ਪੰਜ ਹਜ਼ਾਰੀ ,ਸਿੱਖ ਵਿਦਵਾਨ ਵੀ ਸਨ। ਵਿਦਿਆਰਥੀਆਂ ਨੇ ਇਕ ਸੁਆਲ ਕਰ ਦਿਤਾ ਕਿ ਸਭ ਦਾ ਸਾਂਝਾ ਧਰਮ ਕੀ ਹੈ ? ਵਿਦਵਾਨਾਂ ਨੇ ਲੰਬੇ ਲੰਬੇ ਵਿਖਿਆਨਾਂ ਦੁਆਰਾ ਸਪਸ਼ਟ ਕਰਨ ਦੀ ਕੋਸ਼ਿਸ਼ ਕੀਤੀ, ਪਰ ਵਿਦਿਆਰਥੀਆਂ ਦੀ ਤਸੱਲੀ ਨਾ ਹੋਈ। ਅੰਤ ਵਿਚ ਸ੍ਰੀ ਸਤਿਗੁਰੂ ਜੀ ਨੇ ਫੁਰਮਾਇਆ – "ਬੋਲੀਐ ਸਚ ਧਰਮ ਝੂਠ ਨਾ ਬੋਲੀਐ।" ਸੱਚ ਬੋਲਣਾਂ ਸਭ ਦਾ ਸਾਂਝਾ ਧਰਮ ਹੈ। ਜਿਹੜੇ ਰੱਬ ਦੀ ਹੋਂਦ ਨੂੰ ਨਹੀਂ ਵੀ ਮੰਨਦੇ–ਨਾਸਤਕ ਹਨ, ਸੱਚ ਬੋਲਣਾ ਉਨਾਂ ਦਾ ਵੀ ਧਰਮ ਹੈ –
–ਸੱਚ ਪ੍ਰਮਾਤਮਾਂ ਹੈ। ਜੇ ਸਾਰੇ ਸੱਚ ਦੇ ਧਾਰਣੀ ਬਣ ਜਾਣ ਤਾਂ ਸਾਰੇ ਹੀ ਝਗੜੇ ਮੁੱਕ ਸਕਦੇ ਹਨ।"

ਇਕ ਵੇਰ ਆਪਜੀ ਵਿਸ਼ਵ ਅਮਨ ਕੌਂਸਲ ਦੀ ਕਾਨਫਰੰਸ ਚੋਂ ਬਾਹਰ ਆਏ ਤਾਂ ਕੁਝ ਧਾਰਮਿਕ ਸੱਜਣਾਂ ਨੇ ਆਪ ਨੂੰ ਕਿਹਾ – "ਤੁਸੀਂ ਇਨਾਂ ਰੂਸੀਆਂ ਨਾਲ ਕਿਵੇਂ ? – ਇਹ ਤੇ ਬੜੇ ਨਾਸਤਕ ਲੋਕ ਹਨ। ਧਰਮ ਨਾਲ ਇਨਾਂ ਦਾ ਕਿਤੇ ਦੂਰ ਦਾ ਵੀ ਵਾਸਤਾ ਨਹੀਂ।"

"ਇਹ ਸੰਸਾਰ ਵਿਚ ਅਮਨ ਕਾਇਮ ਕਰਨ ਲਈ ਯਤਨਸ਼ੀਲ ਹਨ, ਮੈਂ ਇਨਾਂ ਨੂੰ ਆਖਦਾ ਹਾਂ ਕਿ ਜੇ ਅਮਨ ਚਾਹੁੰਦੇ ਹੋ ਤਾਂ ਗੁਰੂ ਨਾਨਕ ਦੀ ਗਲ ਮੰਨ ਲਵੋ–ਸਰਬਤ ਦੇ ਭਲੇ ਦੇ ਮਾਰਗ ਤੇ ਚਲਕੇ ਹੀ ਸ਼ਾਂਤੀ ਹੋ ਸਕਦੀ ਹੈ।"–ਸ੍ਰੀ ਸਤਿਗੁਰੂ ਜੀ ਨੇ ਸਪਸ਼ਟ ਕੀਤਾ।

ਅਮਨ, ਏਕਤਾ ਅਤੇ ਧਾਰਮਿਕ ਸਦਭਾਵਨਾਂ ਦਾ ਸੰਦੇਸ਼ ਦੇਣ ਲਈ ਆਪਜੀ ਨੇ 1999 ਵਿਚ ਕੇਪਟਾਊਨ (ਦੱਖਣੀ ਅਫਰੀਕਾ) ਵਿਖੇ ਵਿਸ਼ਵ ਧਰਮਾਂ ਦੀ ਪਾਰਲੀਮੈਂਟ ਵਿਚ ਭਾਗ ਲੈਣ ਲਈ ਆਪਣਾ ਡੈਲੀਗੇਸ਼ਨ ਭੇਜਿਆ। 27 ਤੋਂ 31 ਅਗਸਤ 2000 ਨਿਊਯਾਰਕ ਵਿਖੇ ਯੂ.ਐਨ.ਓ. ਦੇ ਜਨਰਲ ਅਸੈਂਬਲੀ ਹਾਲ ਵਿਚ ਵਿਸ਼ਵ ਅਮਨ ਸਿਖਰ ਸੰਮੇਲਨ ਹੋਇਆ। ਇਸ ਸੰਮੇਲਨ ਵਿਚ ਭਾਗ ਲੈਣ ਲਈ

Namdhari Elibrary NamdhariElibrary@gmail.com

ਸੰਸਾਰ ਭਰ ਤੋਂ 90 ਦੇਸ਼ਾਂ, ਕੌਮਾਂ ਦੇ ਕ੍ਰੀਬ 2000 ਆਗੂ ਇਕੱਤ੍ਰ ਹੋਏ । ਇਸ ਸਮੇਂ ਸੰਮੇਲਨ ਦੇ ਜਨਰਲ ਸਕੱਤਰ ਸ੍ਰੀ ਬਾਵਾ ਜੈਨ ਨੇ ਕਿਹਾ, "ਇਹ ਮੇਰੇ ਆਚਾਰੀਆ ਸੁਸ਼ੀਲ ਮੁਨੀ ਜੀ ਦਾ ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਕੀਤੀ ਚਰਚਾ ਦਾ ਸੁਪਨਾ ਸਾਕਾਰ ਹੋ ਰਿਹਾ ਹੈ । ਉਨਾਂ ਦੀ ਇੱਛਾ ਸੀ ਕਿ ਯੂ.ਐਨ.ਓ. ਵਿਚ ਵਿਸ਼ਵ ਅਮਨ ਸਿਖਰ ਸੰਮੇਲਨ ਕੀਤਾ ਜਾਵੇ । ਅੱਜ ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਇਹ ਸਿਖਰ ਸੰਮੇਲਨ ਕਰਦਿਆਂ ਮੈਨੂੰ ਇੰਜ ਖੁਸ਼ੀ ਹੋ ਰਹੀ ਹੈ ਜਿਵੇਂ ਮੈਂ ਆਪਣੇ ਪ੍ਰਲੋਕ ਗਵਨ ਕਰ ਚੁੱਕੇ ਆਚਾਰੀਆ ਜੀ ਦੀ ਹਜ਼ੂਰੀ ਵਿਚ ਹੀ ਸੰਮੇਲਨ ਕਰ ਰਿਹਾ ਹੋਵਾਂ ! ਇਸ ਸੰਮੇਲਨ ਸਮੇਂ ਆਪਜੀ ਨੇ ਵਿਸ਼ਵ ਅਮਨ ਅਈ ਸੰਦੇਸ਼ ਦੇਂਦਿਆਂ ਫੁਰਮਾਇਆ – "ਸਾਨੂੰ ਆਪਣੇ ਹੱਕ ਚੋਂ ਕੁਝ ਦਾਨ ਕਰਨਾ ਚਾਹੀਦਾ ਹੈ । ਦੂਸਰੇ ਦੇ ਹੱਕ ਨੂੰ ਖੋਹਣਾ ਨਹੀਂ ਚਾਹੀਦਾ, ਉਸ ਦੀ ਰਾਖੀ ਕਰਨੀ ਚਾਹੀਦੀ ਹੈ । ਇਸ ਨਾਲ ਸਾਰੇ ਹੀ ਝਗੜੇ ਮੁੱਕ ਸੱਕਦੇ ਹਨ ।

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਵੇਲੇ ਤੋਂ ਹੀ ਆਪਜੀ ਵਿਸ਼ਵ ਸ਼ਾਕਾਹਾਰੀ ਕਾਨਫਰੰਸਾਂ ਵਿਚ ਭਾਗ ਲੈਂਦੇ ਰਹੇ , ਕਈ ਵੇਰ ਸ਼ਾਕਾਹਾਰੀ ਕਾਨਫਰੰਸਾਂ ਆਪ ਕਰਵਾਈਆਂ ਵੀ । ਜੁਲਾਈ 2000 ਈ.ਨੂੰ ਟੋਰਾਂਟੋਂ (ਕੈਨੇਡਾ) ਵਿਖੇ 34 ਵੀਂ ਵਿਸ਼ਵ ਸ਼ਾਕਾਹਾਰੀ ਕਾਨਫਰੰਸ ਸਮੇਂ ਆਪਜੀ ਨੇ ਫੁਰਮਾਇਆ –"ਅਮਨ ਅਤੇ ਸ਼ਾਕਾਹਾਰ ਦਾ ਬਹੁਤ ਨੇੜੇ ਦਾ ਸਬੰਧ ਹੈ ,ਜਦ ਤੱਕ ਜੀਵ ਹਿੰਸਾ ਹੈ ਤਦ ਤੱਕ ਅਮਨ ਨਹੀਂ ਹੋ ਸਕਦਾ । ਸਾਨੂੰ ਕੇਵਲ ਮਨੁੱਖਤਾ ਦੇ ਭਲੇ ਹੀ ਨਹੀਂ ਸਗੋਂ ਪ੍ਰਾਣੀ ਮਾਤਰ ਦੇ ਭਲੇ ਲਈ ਸੋਚਣਾ ਚਾਹੀਦਾ ਹੈ ।"

ਪਸ਼ੂ ਧਨ ਦੀ ਸਾਂਭ ਸੰਭਾਲ ਅਤੇ ਨਸਲ ਸੁਧਾਰ ਦਾ ਸ਼ੌਂਕ ਆਪਜੀ ਨੂੰ ਸਤਿਗੁਰੂ–ਪਿਤਾ ਤੋਂ ਵਿਰਸੇ ਵਿਚ ਹੀ ਪ੍ਰਾਪਤ ਹੋਇਆ । ਆਪ ਅੰਤਰਰਾਸ਼ਟਰੀ ਪਸ਼ੂ ਪ੍ਰਦਰਸ਼ਨੀਆਂ ਵਿਚ ਭਾਗ ਲੈਂਦੇ ਅਤੇ ਵਡਮੁਲੇ ਸੁਝਾਅ ਦੇਂਦੇ ਹਨ ।

ਗਊ–ਧਨ ਦੀ ਸਾਂਭ ਸੰਭਾਲ ਅਤੇ ਨਸਲ ਸੁਧਾਰ ਵਾਸਤੇ ਆਪਦੇ ਵਡਮੁੱਲੇ ਯੋਗਦਾਨ ਨੂੰ ਮੱਦੇ ਨਜ਼ਰ ਰੱਖਦਿਆਂ–ਸੰਨ 1965 ਈ. ਵਿਚ ਹੈਦਰਾਬਾਦ ਵਿਖੇ ਗੋ–ਸੰਵਰਧਨ ਸੰਮਤੀ ਨੇ ਆਪਜੀ ਨੂੰ "ਗੋਪਾਲ–ਰਤਨ" ਦੀ ਉਪਾਧੀ ਨਾਲ ਸਨਮਾਨਿਤ ਕੀਤਾ ।

ਸ੍ਰੀ ਸਤਿਗੁਰੂ ਜੀ ਵੱਲੋਂ ਅਨੇਕਾਂ ਗ੍ਰੀਬ ਰੋਗੀਆਂ ਦਾ ਆਪਣੇ ਖਰਚੇ ਤੇ ਇਲਾਜ ਕਰਵਾਇਆ ਜਾਂਦਾ ਹੈ ਇਸ ਪਰਉਪਕਾਰੀ ਕਾਰਜ ਕਰਕੇ ਡਾਕਟਰ ਐਸੋਸੀਏਸ਼ਨ (ਲੁਧਿਆਣਾ)ਨੇ ਆਪਜੀ ਨੂੰ "ਧਰਮ–ਰੱਖਿਅਕ" ਦਾ ਸਨਮਾਨ ਭੇਟ

Namdhari Elibrary NamdhariElibrary@gmail.com

ਕੀਤਾ ।

ਇਟਰਨੈਸ਼ਨਲ ਭਾਈ ਮਰਦਾਨਾ ਕੀਰਤਨ ਦਰਬਾਰ ਸੋਸਾਇਟੀ ਨੇ ਗੁਰੂ ਘਰ ਦੀਆਂ ਕੀਰਤਨ ਦੀਆਂ ਪੁਰਾਤਨ ਰੀਤਾਂ ਨੂੰ ਸੰਭਾਲਨ ਅਤੇ ਪਰਸਾਰਨ ਕਰਕੇ ਆਪਜੀ ਨੂੰ ਭਾਈ ਮਰਦਾਨਾ ਐਵਾਰਡ ਭੇਟ ਕੀਤਾ ।

ਆਪ ਜੀ ਪ੍ਰਮੁੱਖ ਸੰਗੀਤਕਾਰ ਉਸਤਾਦਾਂ ਪਾਸ ਆਪਣੇ ਸਿਖਿਆਰਥੀ ਭੇਜ ਕੇ ਸਭ ਦੇ ਗਾਇਨ ਅਤੇ ਵਾਦਨ ਦੀ ਵੰਨਗੀ ਨੂੰ ਇਕੱਤ੍ਰ ਕਰ ਰਹੇ ਹਨ । ਆਪ ਜੀ ਨੇ ਕਈ ਵਾਰ ਸਤਿਗੁਰੂ ਪ੍ਰਤਾਪ ਸਿੰਘ ਸਿਮ੍ਰਤੀ ਸੰਗੀਤ ਸੰਮੇਲਨ ਕਰਵਾਏ ਜਿਨਾਂ ਵਿਚ ਬਿਨਾ ਟਿਕਟ ਖਰਚਿਆਂ ਤੋਂ ਸੰਗੀਤ ਪ੍ਰੇਮੀ ਸ੍ਰੋਮਣੀ ਸੰਗੀਤਕਾਰਾਂ ਨੂੰ ਸੁਣ ਸਕਦੇ ਸਨ । ਸ਼ਾਸ਼ਤ੍ਰੀ ਸੰਗੀਤ ਨੂੰ ਪ੍ਰਚਾਰਨ ਅਤੇ ਅਨੇਕਾਂ ਸੰਗੀਤਕਾਰ ਤਿਆਰ ਕਰਨ ਲਈ ਆਪ ਜੀ ਦੇ ਵਡਮੁੱਲੇ ਯੋਗਦਾਨ ਕਰਕੇ ਬਾਬਾ ਹਰਬੱਲਭ ਸੰਗੀਤ ਦਰਬਾਰ ਸੁਸਾਇਟੀ ਨੇ ਆਪ ਨੂੰ 'ਸੰਗੀਤਾਚਾਰਯ' ਸਨਮਾਨ ਭੇਟ ਕੀਤਾ ।

4 ਨਵੰਬਰ [illegible] ਨੂੰ ਸਰੋਦ ਘਰ ਗਵਾਲੀਅਰ ਵਿਖੇ ਉਸਤਾਦ ਹਾਫਿਜ਼ ਅਲੀ ਖਾਂ ਮੈਮੋਰੀਅਲ ਸੋਸਾਇਟੀ ਵਲੋਂ ਉਸਤਾਦ ਅਮਜ਼ਦ ਅਲੀ ਖਾਂ ਸਾਹਿਬ ਨੇ ਸ੍ਰੀ ਸਤਿਗੁਰੂ ਜੀ ਨੂੰ "ਸੰਗੀਤ-ਮਨੀਸ਼ੀ" ਸਨਮਾਨ ਭੇਟ ਕੀਤਾ ।

ਇਹ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਕਿਰਪਾ ਹੀ ਹੈ ਕਿ ਅੱਜ ਨਾਮਧਾਰੀ ਪੰਥ ਦਾ ਰੁਤਬਾ ਸਿਖਰ ਦੀਆਂ ਬੁਲੰਦੀਆਂ ਛੂਹ ਰਿਹਾ ਹੈ । ਸਿੱਖ ਪੰਥ ਦੇ ਸਰਵਉੱਚ ਤਖਤ-ਸ੍ਰੀ ਅਕਾਲ ਤਖਤ ਤੋਂ ਕਿਸੇ ਵੇਲੇ ਅੰਗ੍ਰੇਜ਼-ਭਗਤ ਪੁਜਾਰੀਆਂ ਵਲੋਂ ਫਤਵਾ ਜਾਰੀ ਕੀਤਾ ਗਿਆ ਸੀ ਕਿ ਨਾਮਧਾਰੀ ਸਿੱਖ ਨਹੀਂ । ਅੱਜ ਉਸੇ ਅਕਾਲ ਤਖਤ ਤੋਂ ਨਾਮਧਾਰੀ ਸ਼ਹੀਦਾਂ ਨੂੰ ਸਿੱਖ ਕੌਮ ਦੇ ਸ਼ਹੀਦ ਕਹਿਕੇ ਸਤਿਕਾਰਿਆ ਗਿਆ ਹੈ । ਤਖਤ ਸ੍ਰੀ ਹਜ਼ੂਰ ਸਾਹਿਬ ਅਤੇ ਤਖਤ ਸ੍ਰੀ ਕੇਸਗੜ੍ਹ ਸਾਹਿਬ ਤੋਂ ਸ੍ਰੀ ਸਤਿਗੁਰੂ ਜੀ ਦਾ ਅਭਿਨੰਦਨ ਕੀਤਾ ਗਿਆ । ਇਹ ਸ੍ਰੀ ਸਤਿਗੁਰੂ ਜੀ ਦਾ ਸਨੇਹ ਅਤੇ ਸੁਹਿਰਦਤਾ ਭਰੇ ਚਮਤਕਾਰੀ ਰਵੱਈਏ ਦਾ ਹੀ ਕਮਾਲ ਹੈ ਕਿ ਪ੍ਰਮੁਖ ਸਿਖ-ਰਾਜਨੇਤਾ ਸ੍ਰ. ਪ੍ਰਕਾਸ਼ ਸਿੰਘ ਬਾਦਲ ,ਗੁਰਚਰਨ ਸਿੰਘ ਟੌਹੜਾ ,ਸ ਅਵਤਾਰ ਸਿੰਘ ਹਿੱਤ, ਜਥੇਦਾਰ ਹੀਰਾ ਸਿੰਘ ਗਾਬੜੀਆ ,ਨੌਜੁਆਨ ਅਕਾਲੀ ਨੇਤਾ ਕਰਨੈਲ ਸਿੰਘ ਪੰਜੋਲੀ ਆਦਿ ਤਕਰੀਰਾਂ ਕਰਦਿਆਂ ਆਖਦੇ ਹਨ ਕਿ ਸਾਡਾ ਰਾਸ਼ਟਰ ਪਿਤਾ ਮਹਾਤਮਾਂ ਗਾਂਧੀ ਨਹੀਂ – ਸਤਿਗੁਰੂ ਰਾਮ ਸਿੰਘ ਹੋਣਾ ਚਾਹੀਦਾ ਹੈ । ਸਤਿਗੁਰੂ ਰਾਮ ਸਿੰਘ ਜੀ ਦੀ ਤਸਵੀਰ ਪਾਰਲੀਮੈਂਟ ਵਿਚ ਲੱਗਣੀ ਚਾਹੀਦੀ ਹੈ । ਉਹ ਆਖਦੇ ਹਨ ਕਿ ਅਸੀਂ ਸਤਿਗੁਰੂ ਰਾਮ ਸਿੰਘ ਜੀ ਦਾ ਸਤਿਕਾਰ ਸਤਿਗੁਰੂ

Namdhari Elibrary NamdhariElibrary@gmail com

ਗੋਬਿੰਦ ਸਿੰਘ ਜੀ ਵਾਂਗ ਹੀ ਕਰਦੇ ਹਾਂ ।

ਰਾਸ਼ਟਰੀ ਪੱਧਰ ਦੇ ਖੇਡ ਸਨਮਾਨ ਸਮਾਰੋਹ ਸ੍ਰੀ ਸਤਿਗੁਰੂ ਜੀ ਦੀ ਪਾਵਨ ਛਤਰ ਛਾਇਆ ਹੇਠ ਨੇਪਰੇ ਚੜ੍ਹਦੇ ਹਨ । ਸਾਡੇ ਅੰਤਰ ਰਾਸ਼ਟਰੀ ਪ੍ਰਸਿੱਧੀ ਪ੍ਰਾਪਤ ਖਿਡਾਰੀ ਸ. ਪ੍ਰਗਟ ਸਿੰਘ ,ਰਮਨਦੀਪ ਸਿੰਘ ਹਾਕੀ ਪਲੇਅਰ ,ਸ. ਦਾਰਾ ਸਿੰਘ ਪਹਿਲਵਾਨ ,ਸ. ਗੁਰਚਰਨ ਸਿੰਘ ਬਾਕਸਰ ਆਦਿ ਸ੍ਰੀ ਸਤਿਗੁਰੂ ਜੀ ਤੋਂ ਆਸ਼ੀਰਵਾਦ ਪ੍ਰਾਪਤ ਕਰਕੇ ਫ਼ਖ਼ਰ ਮਹਿਸੂਸ ਕਰਦੇ ਹਨ ।

ਉਸ ਵੇਲੇ ਸਾਰੇ ਯੂਰਪ ਵਿਚ ਸ੍ਰੀ ਸਤਿਗੁਰੂ ਜੀ ਦੀ ਜੈ–ਜੈ ਕਾਰ ਹੋਈ ਜਦ ਸੰਨ 1976 ਈ. ਵਿਚ ਇੰਗਲੈਂਡ ਨਿਵਾਸੀ ਲੰਬੀ ਔੜ ਕਾਰਨ ਪ੍ਰੇਸ਼ਾਨ ਸਨ । ਸਾਰੇ ਪਾਸੇ ਸੋਕਾ ਪੈ ਗਿਆ ਸੀ ,ਡਰ ਸੀ ਕਿਤੇ ਕਾਲ ਨਾ ਪੈ ਜਾਵੇ , ਪੀਣ ਵਾਲੇ ਪਾਣੀ ਦੀ ਸੱਮਸਿਆ ਨਾ ਆ ਜਾਵੇ । ਵਿਗਿਆਨ ਦੀ ਕੋਈ ਪੇਸ਼ ਨਹੀਂ ਸੀ ਜਾ ਰਹੀ । ਮੌਸਮ ਵਿਭਾਗ ਵਾਲੇ ਅਜੇ ਲੰਮੇਂ ਸਮੇਂ ਤੱਕ ਔੜ ਹੀ ਦਸ ਰਹੇ ਸਨ । ਇਸੇ ਦੌਰਾਨ ਅਗਸਤ ਮਹੀਨੇ ਵਿਚ ਸ੍ਰੀ ਸਤਿਗੁਰੂ ਜੀ ਇੰਗਲੈਂਡ ਦਰਸ਼ਨ ਦਿੱਤੇ । ਉੱਥੋਂ ਦੇ ਅੰਗ੍ਰੇਜ਼ਾਂ ਅਤੇ ਭਾਰਤੀ ਮੂਲ ਦੇ ਪਤਵੰਤੇ ਵਿਅਕਤੀਆਂ ਨੇ ਸ੍ਰੀ ਸਤਿਗੁਰੂ ਜੀ ਦੇ ਚਰਨਾਂ ਵਿਚ ਮੀਂਹ ਵਾਸਤੇ ਅਰਜ਼ ਕੀਤੀ । ਸ੍ਰੀ ਸਤਿਗੁਰੂ ਜੀ ਉਨਾਂ ਨੂੰ ਧਰਵਾਸ ਦੇਂਦਿਆਂ ਫੁਰਮਾਇਆ – "ਕੱਲ ਨੂੰ ਆਸਾ ਜੀ ਦੀ ਵਾਰ ਦੇ ਭੋਗ ਉਪਰੰਤ ਅਰਦਾਸ ਹੋਵੇਗੀ , ਆਪਾਂ ਤੇ ਬੇਨਤੀ ਹੀ ਕਰ ਸਕਦੇ ਹਾਂ – ਅਕਾਲ ਪੁਰਖ ਦੇ ਚਰਨਾਂ ਵਿਚ ;ਪ੍ਰਵਾਨ ਹੋ ਗਈ ਤਾਂ ਅਵੱਸ਼ ਵਰਖਾ ਹੋਵੇਗੀ ।" ਅਗਲੇ ਦਿਨ ਰੱਜਵਾਂ ਮੀਂਹ ਪਿਆ ਅਤੇ ਕਈ ਦਿਨ ਪੈਂਦਾ ਰਿਹਾ । ਇੰਗਲੈਂਡ ਦੇ ਅਖ਼ਬਾਰਾਂ ਅਤੇ ਟੈਲੀਵੀਜ਼ਨ ਨੇ ਆਪ ਜੀ ਨੂੰ "ਮੀਂਹ ਦਾ ਦੇਵਤਾ" ਆਖਿਆ ।

ਨਵੰਬਰ 1976 ਨੂੰ ਥਾਈਲੈਂਡ ਵਿਖੇ ਡਾ. ਸੁਚਾਟ ਨੇ ਸ਼ਾਂਤੀ ਮੰਦਰ ਦਾ ਨੀਂਹ ਪੱਥਰ ਰੱਖਣ ਸਮੇਂ 32 ਦੇਸ਼ਾਂ ਦੇ ਧਾਰਮਿਕ ਮੁਖੀ ਸੱਦੇ ,ਉਹ ਸਾਰੇ ਹੀ ਆਪੋ ਆਪਣੇ ਦੇਸ਼ ਦੀ ਮਿੱਟੀ ਨਾਲ ਲੈ ਕੇ ਆਏ ਜੋ ਨੀਂਹ ਵਿਚ ਪਾਈ ਗਈ । ਬੱਤੀ ਦੇਸ਼ਾਂ ਦੇ ਰਾਸ਼ਟਰੀ ਝੰਡੇ ਝੁਲਾਏ ਗਏ । ਉਦੋਂ ਸਾਰੇ ਭਾਰਤ ਵਾਸੀਆਂ ਦਾ ਸਿਰ ਮਾਣ ਨਾਲ ਹੋਰ ਉਚਾ ਹੋ ਗਿਆ ਜਦ ਇਸ ਸ਼ਾਂਤੀ ਮੰਦਰ ਦਾ ਨੀਂਹ ਪੱਥਰ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਕਰ ਕਮਲਾਂ ਦੁਆਰਾ ਰਖਵਾਇਆ ਗਿਆ ।

ਸਤਿਗੁਰੂ ਜਗਜੀਤ ਸਿੰਘ ਜੀ ਸਮਰੱਥ ਅਧਿਆਤਮਕ ਰਹਿਨੁਮਾ ਹਨ । ਆਪਜੀ ਦੇ ਸ਼ਰਧਾਲੂਆਂ ਵਿਚ ਸਹਿਜਧਾਰੀ ਸਿੱਖ ਵੀ ਹਨ ; ਹਿੰਦੂ, ਮੁਸਲਮਾਨ ਅਤੇ ਈਸਾਈ ਵੀ ਹਨ । ਸ੍ਰੀ ਚਰਨਾਂ ਦੇ ਭੌਰੇ

Namdhari Elibrary NamdhariElibrary@gmail.com

ਬਾਗੜ ਇਲਾਕੇ ਦੇ ਰਾਜਸਥਾਨੀ ਵੀ ਹਨ ਆਪਜੀ ਕੇਵਲ ਧਾਰਮਿਕ ਗੁਰੂ ਹੀ ਨਹੀਂ ਸਗੋਂ ਆਦਰਸ਼ ਸਮਾਜ ਦੇ ਉਸਰਈਏ ਵੀ ਹਨ । ਬਹੁਮੁਖੀ ਵਿਕਾਸ ਲਈ ਸਫਲ ਮਾਰਗ ਦਰਸ਼ਨ ਹਨ । ਬਚਨ ਅਤੇ ਕਰਮ ਦੀ ਸ਼ਕਤੀ ਨਾਲ ਆਪ ਨੇ ਸਮੇਂ ਨੂੰ ਬਦਲਿਆ ਹੈ ,ਅਨੇਕਾਂ ਗਾਡੀ ਰਾਹ ਰਲਾਏ ਹਨ ।

ਆਪ ਬਣੇ ਸੰਵਰੇ ਰਾਹਾਂ ਤੇ ਨਹੀਂ ਚੱਲਦੇ ਸਗੋਂ ਆਪ ਦਾ ਚੱਲਨਾ ਹੀ ਨਵੇਂ ਰਸਤਿਆਂ ਨੂੰ ਜਨਮ ਦੇਂਦਾ ਹੈ । ਆਪ ਬੰਜਰ ਜ਼ਮੀਨ ਵਿਚ ਵਿਚਰੇ ਤਾਂ ਉਹ ਉਪਜਾਊ ਬਣ ਗਈ, ਰੇਤਲੇ ਟਿੱਬਿਆਂ ਤੇ ਚਰਨ ਪਾਏ ਤਾਂ ਉਥੇ ਹਰਿਆਵਲ ਛਾ ਗਈ । ਗਰੀਬ ਬੱਚਿਆਂ ਦੇ ਸਿਰ ਤੇ ਮੇਹਰ ਭਰਿਆ ਹੱਥ ਰੱਖਿਆ ਤਾਂ ਉਹ ਉਤਮ ਦਰਜੇ ਦੇ ਵਿਦਵਾਨ ,ਸੰਗੀਤਕਾਰ ,ਖਿਡਾਰੀ ਅਤੇ ਵਿਗਿਆਨਿਕ ਬਣ ਗਏ । ਵਿਦੇਸ਼ਾਂ ਵਿਚ ਵਿਚਰੇ ਤਾਂ ਉਥੇ ਭਾਰਤੀ ਸੱਭਿਅਤਾ ਅਤੇ ਸਿੱਖੀ ਸਰੂਪ ਛਾ ਗਿਆ ।

ਸ੍ਰੀ ਸਤਿਗੁਰੂ ਜੀ ਦਾ ਨੂਰਾਨੀ ਦਰਸ਼ਨ ਸਹਿਜ, ਸੁਹਜ ਅਤੇ ਸ੍ਰੇਸ਼ਟਤਾ ਦਾ ਪ੍ਰਤੀਕ ਹੈ । ਮੁੱਖ-ਮਸਤਕ ਤੇ ਸਦਾ ਬਹਾਰ ਮੁਸਕਾਣ ਗੁਲਾਬ ਦੀ ਸੁਗੰਧੀ ਵਾਂਗ ਚਾਰ-ਚੁਫੇਰੇ ਨੂੰ ਖੇੜਾ ਬਖਸ਼ਦੀ ਹੈ । ਸੱਜਣਾਂ ਵਰਗੀ ਅੱਪਣਤ ਦਾ ਅਹਿਸਾਸ ਹੁੰਦਾ ਹੈ । ਮੋਹ-ਭਰੀ ਮਿਕਨਾਤੀਸੀ ਤੱਕਣੀ ਹਰ ਕਿਸੇ ਨੂੰ ਅਪਣਾ ਬਣਾ ਲੈਣ ਦੀ ਸ਼ਕਤੀ ਰੱਖਦੀ ਹੈ । ਆਪ ਜੀ ਦਾ ਸਾਦਾ ,ਸਵੱਛ ,ਪਰਉਪਕਾਰੀ ,ਉਦਮੀ ਅਤੇ ਰਚਨਾਤਮਕ ਰੁਝੇਵਿਆਂ ਵਾਲਾ ਜੀਵਨ ਹੀ ਆਪਣੇ-ਆਪ ਵਿਚ ਉਪਦੇਸ਼ ਹੈ ਅਤੇ ਪ੍ਰੇਰਣਾ ਦਾ ਸ੍ਰੋਤ ਹੈ ਸਰਬ-ਪੱਖੀ ਸੰਚਾਲਕ ਦੀ ਤਰ੍ਹਾਂ ਕਰਮ-ਯੋਗੀਆਂ ਵਾਲਾ ਜੀਵਨ ਹੈ ਸਤਿਗੁਰੂ ਜਗਜੀਤ ਸਿੰਘ ਜੀ ਦਾ ।

ਅੱਜ ਜਦੋਂ ਸਦੀ ਦੇ ਸੰਪੂਰਨ ਹੋਣ ਤੇ ਸ੍ਰੀ ਸਤਿਗੁਰੂ ਜੀ ਨੂੰ ਗੁਰਗੱਦੀ ਤੇ ਬਿਰਾਜਮਾਨ ਹੋਇਆਂ ਚਾਲ੍ਹੀ ਵਰ੍ਹੇ ਅਤੇ ਦੇਹ ਕਰਕੇ ਅੱਸੀ ਵਰ੍ਹੇ ਪੂਰੇ ਹੋ ਰਹੇ ਹਨ । ਅੱਸੀ ਵਰ੍ਹੇ ਭਾਰਤੀ ਸੰਸਕ੍ਰਿਤੀ ਵਿਚ ਪੂਰਨਤਾ ਅਤੇ ਪ੍ਰੌੜਤਾ ਦੇ ਪ੍ਰਤਿਕ ਮੰਨੇ ਗਏ ਹਨ ਅਤੇ ਚਾਲੀਸਾ ਇਕ ਸਫਲ ਸਿੱਧੀ ਦਾ ਪ੍ਰਤੀਕ ਹੈ । ਅਸੀਂ ਸਭ ਵਡਭਾਗੇ ਹਾਂ ਜਿਨਾਂ ਨੂੰ ਪਰੀਪੂਰਨ ਪ੍ਰਮਾਤਮਾ-ਸਰੂਪ ਸਤਿਗੁਰੂ – ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦਾ ੮੧ ਵਾਂ ਅਵਤਾਰ ਪੁਰਬ ਮਨਾਉਣ ਦਾ ਸੁਭਾਗ ਪ੍ਰਾਪਤ ਹੋ ਰਿਹਾ ਹੈ । ਆਪ ਜੀ ਦੀਆਂ ਮੇਹਰਾਂ ਸਦਾ ਇਸ ਲੋਕਾਈ ਤੇ ਬਰਸਦੀਆਂ ਰਹਿਣ ! ਸਾਡੀ ਸਭ ਦੀ ਇਹੋ ਅਰਦਾਸ ਹੈ । —

Namdhari Elibrary NamdhariElibrary@gmail.com

ਸਾਧ ਸੰਗਤ ਮਿਲਿ ਗਾਵਦੇ

Namdhari Elibrary NamdhariElibrary@gmail.com

Namdhari Elibrary NamdhariElibrary@gmail.com